VOICE OF THE PUNJABI COMMUNITY
DESH PARDES TIMES

# ਦੇਸ ਪ੍ਰਦੇਸ ਟਾਈਮਜ਼

EDMONTON-CALGARY

ਸੰਪਾਦਕ- ਸੁਖਵਿੰਦਰ ਸਿੰਘ ਚੋਹਲਾ
Sukhwinder Singh Chohla (Editor)
Gurbhalinder Singh Sandhu, Editor (Hon.)
Davinder Deepti / Kamaljit Buttar

VOL-22 ISSUE : 18 MARCH, 2023 PHONE : 778-772-1994, Email : desvancouver@gmail.com, sschohla@gmail.com www.deshpardes.ca







# ਐਡਮਿੰਟਨ ਦੇ ਇਕ ਅਪਾਰਟਮੈਂਟ ਵਿਚ ਗੋਲੀਬਾਰੀ-ਦੋ ਪੁਲਿਸ ਅਫਸਰ ਮਾਰੇ ਗਏ

## ਸ਼ੱਕੀ 16 ਸਾਲਾ ਲੜਕਾ ਵੀ ਮਾਰਿਆ ਗਿਆ • ਮੇਅਰ ਅਮਰਜੀਤ ਸੋਹੀ ਵਲੋਂ ਘਟਨਾ ਤੇ ਸ਼ੋਕ ਦਾ ਪ੍ਰਗਟਾਵਾ

ਐਡਮਿੰਟਨ (ਦੀਪਤੀ, ਗੁਰਪ੍ਰੀਤ ਸਿੰਘ)-ਐਡਮਿੰਟਨ ਸ਼ਹਿਰ ਦੀ ਇਕ ਅਪਾਰਟਮੈਂਟ ਬਿਲਡਿੰਗ ਵਿਚ ਵਾਪਰੀ ਇਕ ਦੁਖਦਾਈ ਘਟਨਾ ਦੌਰਾਨ ਐਡਮਿੰਟਨ ਪੁਲਿਸ ਦੇ ਦੋ ਆਫੀਸਰ ਮਾਰੇ ਗਏ। ਇਹ ਘਟਨਾ ਵੀਰਵਾਰ ਤੜਕੇ ਵਾਪਰੀ ਜਦੋਂ ਇਕ ਇੰਗਲਵੁੱਡ ਬਿਲਡਿੰਗ ਦੇ ਇਕ ਅਪਾਰਟਮੈਂਟ ਵਿਚ ਘਰੇਲੂ ਝਗੜੇ ਦੀ ਜਾਣਕਾਰੀ ਮਿਲਣ ਤੇ ਪੁਲਿਸ ਉਥੇ ਪੁੱਜੀ ਸੀ। ਪੁਲਿਸ ਅਫਸਰਾਂ ਨੂੰ ਮਾਰਨ ਵਾਲਾ 16 ਸਾਲ ਦਾ ਇਕ ਅੱਲੜ ਨੌਜਵਾਨ ਦੱਸਿਆ ਗਿਆ ਹੈ ਜੋ ਖੁਦ ਵੀ ਗੋਲੀ ਲੱਗਣ ਨਾਲ ਮਾਰਿਆ ਗਿਆ। ਘਟਨਾ ਤੋ ਪਹਿਲਾਂ ਉਸਨੇ ਆਪਣੀ ਮਾਂ ਨੂੰ ਵੀ ਗੋਲੀ ਮਾਰੀ ਜੋ ਹਸਪਤਾਲ ਵਿਚ ਇਲਾਜ ਅਧੀਨ ਹੈ। ਐਡਮਿੰਟਨ ਪੁਲਿਸ ਦੇ ਮੁਖੀ ਡੇਲ ਮੈਕਫੀ ਨੇ ਇਥੇ ਇਕ ਪ੍ਰੈਸ ਕਾਨਫਰੰਸ ਦੌਰਾਨ ਵੈਸਟ ਐਂਡ ਵਿਖੇ ਵਾਪਰੀ ਇਸ ਘਟਨਾ ਨੂੰ ਅਣਕਿਆਸਿਆ ਤੇ ਭਿਆਨਕ ਦੁਖਾਂਤ ਦੱਸਿਆ। ਘਟਨਾ ਵਿਚ ਮਾਰੇ ਜਾਣ ਵਾਲੇ ਅਫਸਰਾਂ ਦੀ



ਪਛਾਣ 35 ਸਾਲਾ ਕਾਂਸਟੇਬਲ ਟ੍ਰੈਵਿਸ ਜਾਰਡਨ ਅਤੇ 30 ਸਾਲਾ ਕਾਂਸਟੇਬਲ ਬ੍ਰੈਟ ਰਿਆਨ ਵਜੋ ਹੋਈ ਹੈ। ਜੌਰਡਨ ਪਿਛਲੇ ਸਾਢੇ ਅੱਠ ਸਾਲ ਅਤੇ ਰਿਆਨ ਸਾਢੇ ਪੰਜ ਸਾਲ ਤੋਂ ਐ ?ਡਮਿੰਟਨ ਪੁਲਿਸ ਵਿਚ ਸੇਵਾਵਾਂ ਨਿਭਾਅ ਰਿਹਾ ਸੀ। ਪੁਲਿਸ ਚੀਫ ਨੇ ਦੱਸਿਆ ਕਿ ਐਡਮਿੰਟਨ ਪੁਲਿਸ ਨੂੰ ਅੱਧੀ ਰਾਤ ਤੋਂ ਥੋੜ੍ਹੀ ਦੇਰ ਬਾਅਦ ਐਡਮਿੰਟਨ ਦੇ ਇੰਗਲਵੁੱਡ ਇਲਾਕੇ ਵਿੱਚ ਬੁਲਾਇਆ ਗਿਆ ਸੀ। ਪੁਲਿਸ ਅਫਸਰ ਅਜੇ ਉਥੇ ਪੁੱਜੇ ਹੀ ਸਨ ਕਿ ਉਹਨਾਂ ਉਪਰ ਅੰਧਾਧੁੰਦ ਗੋਲੀਆਂ ਚਲਾ ਦਿੱਤੀਆਂ ਗਈਆਂ। ਉਹਨਾਂ ਨੂੰ ਸੰਭਲਣ ਦਾ ਮੌਕਾ ਵੀ ਨਹੀ ਮਿਲਿਆ। ਉਹਨਾਂ ਦੱਸਿਆ ਸਵੇਰੇ ਲਗਭਗ 12.47 ਵਜੇ, ਸਾਡੇ ਪੱਛਮੀ ਡਿਵੀਜ਼ਨ ਦੇ ਕਾਂਸਟੇਬਲ ਜੌਰਡਨ ਅਤੇ ਰਿਆਨ ਨੇ 114 ਐਵੇਨਿਊ ਅਤੇ 132 ਸਟ੍ਰੀਟ ਦੇ ਖੇਤਰ ਦੇ ਨੇੜੇ ਇੱਕ ਅਪਾਰਟਮੈਂਟ ਬਿਲਡਿੰਗ ਵਿੱਚ ਇੱਕ ਪਰਿਵਾਰਕ ਝਗੜੇ ਦੀ ਆਈ ਕਾਲ ਦਾ ਜਵਾਬ ਦਿੱਤਾ। ਪਹੁੰਚਣ 'ਤੇ, ਦੋ ਗਸ਼ਤੀ ਮੈਂਬਰ ਇਮਾਰਤ ਦੇ ਅੰਦਰ ਚਲੇ ਗਏ। ਉਹ ਸੂਟ ਦੇ ਨੇੜੇ ਪਹੁੰਚੇ, ਪਰ ਇਸ ਦੌਰਾਨ ਅੰਦਰੋਂ ਸ਼ੱਕੀ ਨੇ ਉਹਨਾਂ ਉਪਰ ਗੋਲੀਆਂ ਚਲਾ ਦਿੱਤੀਆਂ। ਉਹਨਾਂ ਨੂੰ ਆਪਣੇ ਹਥਿਆਰਾਂ ਨੂੰ ਵਰਤਣ ਦਾ ਮੌਕਾ ਨਹੀਂ ਮਿਲਿਆ। ਦੋਵਾਂ ਜ਼ਖਮੀ ਅਫਸਰਾਂ ਨੂੰ ਹਸਪਤਾਲ ਪਹੁੰਚਾਇਆ ਗਿਆ ਪਰ ਦੋਵਾਂ ਨੂੰ ਹਸਪਤਾਲ ਵਿੱਚ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ। ਪੁਲਿਸ ਚੀਫ ਨੇ ਕਿਹਾ ਕਿ ਕਾਂਸਟੇਬਲ ਜਾਰਡਨ ਅਤੇ ਰਿਆਨ ਸਾਡੇ ਐਡਮਿੰਟਨ ਪੁਲਿਸ ਪਰਿਵਾਰ ਦੇ ਵਡਮੁੱਲੇ ਮੈਂਬਰ ਸਨ ਅਤੇ ਉਹ ਸਾਡੇ ਭਾਈਚਾਰੇ ਦੀ ਸੇਵਾ ਵਿੱਚ ਹਰ ਰੋਜ਼ ਸਾਡੇ ਨਾਲ-ਨਾਲ ਕੰਮ ਕਰਦੇ ਸਨ ਅਤੇ ਮੈਂ ਤੁਹਾਨੂੰ ਇਹ ਨਹੀਂ ਦੱਸ ਸਕਦਾ ਕਿ ਉਹਨਾਂ ਦੀ ਮੌਤ ਨਾਲ ਸਾਨੂੰ ਕਿੰਨਾ ਘਾਟਾ ਪਿਆ ਹੈ। ਅਸੀਂ ਜਾਣਦੇ ਹਾਂ ਕਿ ਉਨ੍ਹਾਂ ਦਾ ਪਰਿਵਾਰ ਅਤੇ ਦੋਸਤ, ਉਨ੍ਹਾਂ ਦਾ ਐਡਮਿੰਟਨ ਪੁਲਿਸ ਪਰਿਵਾਰ ਅਤੇ ਸਾਡਾ ਪੂਰਾ ਭਾਈਚਾਰਾ ਇਸ ਘਟਨਾ ਨਾਲ ਡੂੰਘਾ ਪ੍ਰਭਾਵਤ ਹੋਵੇਗਾ ਪਰ ਸਾਨੂੰ ਸਾਰਿਆਂ ਨੂੰ ਇੱਕ ਦੂਜੇ ਨਾਲ ਖੜੇ ਹੋਣਾ ਚਾਹੀਦਾ ਹੈ। ਇਸੇ ਦੌਰਾਨ ਐਡਮਿੰਟਨ ਦੇ ਮੇਅਰ ਅਮਰਜੀਤ ਸੋਹੀ ਨੇ ਇਸ ਘਟਨਾ ਉਪਰ ਡੂੰਘਾ ਦੁਖ ਪ੍ਰਗਟ ਕਰਦਿਆਂ ਮਾਰੇ ਗਏ ਪੁਲਿਸ ਅਫਸਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਉਹਨਾਂ ਕਿਹਾ ਇਹ ਬਹੁਤ ਸਦਮੇ ਵਾਲਾ ਸਮਾਂ ਤੇ ਇਸ ਘੜੀ ਅਸੀ ਪੀੜਤ ਪਰਿਵਾਰਾਂ ਦੇ ਨਾਲ ਹਾਂ।

























ELITE
SPINDLES & RAILINGS
Wood • Glass • Metal
INTERIOR RAILING
Spiral Staircase, Metal Stairs, Interior Staircase, Exterior Staircase,
Custom Stairs, Staircase Installation, Staircase Design, Aluminum Staircase, Glass Stair Railing,
Metal Stair Railing, Wood Staircase, Wood Stair Railing, Straight Staircase
Your satisfaction is our Priority
Cell : 780-667-0031 4712 91 Ave NW, Edmonton, AB T6B 2L1
www.elitespindlesandrailing.ca


Karwal
Jewellers
Ltd
Jewelry store in
Edmonton, Alberta
Deals in - Hallmarked
gold jewellery,
certified diamond
jewellery, silver
jewellery trendsetters
spreading happiness
since1990
9230 34 Ave NW,
Edmonton, AB T6E 5P2
PH:780-450-4098


K.P. Accounting & Tax Service
$$ Save $$
Your Tax
Individual Tax Returns
Incorporation of Companies
Payrolls, T4'S
Corporate Tax Returns
Tax Returns For Self Employed
Small Business Setup
& Bookkeeping
Accounting & G.S.T. Returns
Financial Statements
For Fast Refund
Use E-Files
ਇਨਕਮ ਟੈਕਸ ਦੇ ਪੇਪਰ ਭਰਵਾਉਣ ਲਈ ਆਪਣੇ ਕਮਿਊਨਟੀ ਦੇ ਜਾਣੇ ਪਹਿਚਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ।
Kapil Sharma
KAPIL SHARMA:TEL: 780-469-2677
9133 35 Ave NW, Edmonton, AB T6E 5Y1, Canada
www.kpaccounting.ca Fax: 780-469-2026


RELIEVE
Physiotherapy
& Wellness Clinic
PHYSIOTHERAPY, SHOWCKWAVE THERAPY
& MASSAGE THERAPY IN EDMONTON
CLINIC
2315 90 B Street,
SW Edmonton,
AB T6X 0P4
GIVE US A CALL TODAY AND
WE'LL BE SURE TO HELP YOU OUT
587-937-8850
FAX: 5876892559, Email:hellojijo@relievephysio.ca


SUMMERSIDE
PHARMACY
Info@summersidepharmacy.ca
OPEN 6 DAYS A WEEK SUNDAY CLOSED
SERVICES OFFERED
• PRESCRIPTION REFILLS • TRAVEL HEALTH
• FREE DELIVERY • INJECTION SERVICES
20% off Seniors discount on over the counter Item every Thursday
Pharmacist can Prescribe Certain Medication
ਅਸੀਂ ਹਿੰਦੀ, ਪੰਜਾਬੀ ਅਤੇ
ਅੰਗਰੇਜ਼ੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ।
For More Info: 780-758-7769
Unit 3, 1109 Summerside Drive, Edmonton, AB, T6X-0H5
Meet The Pharmacist
SHRADDHA JOSHI
PHARMACIST OWNER
B.Sc. Pharm,Injection Certified. APA


ਭਾਰਤੀ-ਪੰਜਾਬੀ ਖਾਣਿਆਂ ਦੀ ਦੁਨੀਆ ਵਿਚ
ਇਕ ਸਥਾਪਿਤ ਤੇ ਭਰੋਸੇਯੋਗ ਨਾਮ!
THE
PUNJAB
INDIAN TAKEOUT
AND CATERING SERVICES
ਕੇਟਰਿੰਗ ਸੇਵਾਵਾਂ
ਅਸੀਂ ਘਰਾਂ, ਕਾਰਪੋਰੇਟ ਅਦਾਰਿਆਂ, ਜਨਮ ਦਿਨ, ਵਿਆਹ ਅਤੇ ਵਿਆਹ ਵਰ੍ਹੇਗੰਢ ਪਾਰਟੀਆਂ ਉਪਰ ਵੀ ਸੇਵਾਵਾਂ ਪ੍ਰਦਾਨ ਕਰਦੇ ਹਾਂ।
* ਖਾਣੇ ਦੇ ਆਰਡਰ ਦੀ ਹੋਮ ਡਲਿਵਰੀ ਵੀ ਉਪਲੱਬਧ
* ਹੋਮ ਡਲਿਵਰੀ 50 ਡਾਲਰ ਤੋਂ ਉਪਰ ਵੈਜ ਅਤੇ ਨਾਨ-ਵੈਜ
www.punjabmeatshop.ca
Home Delivery 780-462-1881
2710-48 Street, Edmonton, AB Postal Code T6L6B8, CANADA.
info@punjabmeatshop.ca (M) 780 462 1881 (M) 587 784 8786


SUPER VISA INSURANCE
• LIFE INSURANCE
• DISABILITY INSURANCE
• CRITICAL ILLNESS
• TRAVEL INSURANCE
100% Refundable
if by chance Visa Denied
Lowest Insurance Rates
GUARANTEED
ਹਰ ਪ੍ਰਕਾਰ ਦੀ ਇੰਸ਼ੋਰੈਂਸ
ਜਿਵੇਂ ਲਾਈਫ, ਕ੍ਰਿਟੀਕਲ ਇਲਨੈਸ,
ਡਿਸਇਬਿਲਟੀ, ਟ੍ਰੈਵਲ ਇੰਸ਼ੋਰੈਂਸ
ਕਰਵਾਉਣ ਲਈ ਦਵਿੰਦਰ ਦੀਪਤੀ
ਨੂੰ ਅੱਜ ਹੀ ਕਾਲ ਕਰੋ।
Davinder Deepti
Insurance Advisor
780-266-1076
Email:ddeepti007@gmail.com






VOICE OF THE PUNJABI COMMUNITY

DESH PARDES TIMES

# ਦੇਸ ਪ੍ਰਦੇਸ ਟਾਈਮਜ਼

ਸਨਿੱਚਰਵਾਰ, 18 ਮਾਰਚ, 2023

ਕੈਲਗਰੀ







## 700 ਤੋਂ ਉਪਰ ਕੌਮਾਂਤਰੀ ਪੰਜਾਬੀ ਵਿਦਿਆਰਥੀਆਂ ਉਪਰ ਡਿਪੋਰਟ ਹੋਣ ਦੀ ਤਲਵਾਰ ਲਟਕੀ

ਵੈਨਕੂਵਰ (ਹਰਦਮ ਮਾਨ)-ਓਨਟਾਰੀਓ ਦੇ ਇਕ ਕਾਲਜ ਵਿੱਚ ਦਾਖਲੇ ਦੇ ਆਧਾਰ 'ਤੇ ਵੀਜ਼ੇ ਲੈ ਕੇ ਪੁੱਜੇ ਸੈਂਕੜੇ ਪੰਜਾਬੀ ਵਿਦਿਆਰਥੀਆਂ ਵੱਲੋਂ ਵਰਤੇ ਗਏ ਦਸਤਾਵੇਜ਼ ਜਾਅਲੀ ਸਾਬਤ ਹੋਣ ਮਗਰੋਂ ਸਰਹੱਦੀ ਸੇਵਾਵਾਂ ਵਿਭਾਗ (ਸੀਬੀਐੱਸਏ) ਨੇ ਉਨ੍ਹਾਂ ਦੇ ਦੇਸ਼ ਨਿਕਾਲੇ ਦੀ ਤਿਆਰੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ 722 ਵਿਦਿਆਰਥੀਆਂ ਵਿੱਚੋਂ ਬਹੁਗਿਣਤੀ ਉਹ ਵਿਦਿਆਰਥੀ ਹਨ ਜਿਨ੍ਹਾਂ ਨੂੰ ਜਲੰਧਰ ਦੇ ਇੱਕ ਏਜੰਟ ਨੇ ਭੇਜਿਆ ਸੀ ਤੇ ਉਹ ਤਿੰਨ-ਚਾਰ ਸਾਲ ਤੋਂ ਕੈਨੇਡਾ ਰਹਿ ਰਹੇ ਸਨ। ਇਹ ਜਾਅਲਸਾਜ਼ੀ ਉਦੋਂ ਸਾਹਮਣੇ ਆਈ, ਜਦੋਂ ਇਨ੍ਹਾਂ ਵਿਦਿਆਰਥੀਆਂ ਵੱਲੋਂ ਪੱਕੇ ਹੋਣ ਲਈ ਅਵਾਸ ਵਿਭਾਗ ਨੂੰ ਭੇਜੀਆਂ ਗਈਆਂ ਫਾਈਲਾਂ ਦੀ ਸਰਹੱਦੀ ਸੇਵਾਵਾਂ ਵਿਭਾਗ ਨੇ ਜਾਂਚ ਕੀਤੀ। ਵਿਭਾਗ ਵੱਲੋਂ ਵਿਦਿਆਰਥੀਆਂ ਦਾ ਪੱਖ ਜਾਨਣ ਮੌਕੇ ਏਜੰਟ ਦੀ ਜਾਅਲਸਾਜ਼ੀ ਦੀਆਂ ਪਰਤਾਂ ਖੁੱਲ੍ਹੀਆਂ। ਪਤਾ ਲੱਗਿਆ ਹੈ ਕਿ ਜਲੰਧਰ ਦੇ ਇਸ ਏਜੰਟ ਦਾ ਦਫ਼ਤਰ ਕਈ ਮਹੀਨਿਆਂ ਤੋਂ ਬੰਦ ਹੈ। ਇਹ ਏਜੰਟ ਟਰਾਂਟੋ ਦੇ ਇੱਕ ਕਾਲਜ ਦਾ ਜਾਅਲੀ ਆਫਰ-ਲੈਟਰ ਲਗਾ ਕੇ ਹਰੇਕ ਵਿਦਿਆਰਥੀ ਤੋਂ 17-18 ਲੱਖ ਰੁਪਏ ਲੈ ਕੇ ਵੀਜ਼ੇ ਲਵਾ ਦਿੰਦਾ ਸੀ। ਜਦ ਵਿਦਿਆਰਥੀ ਟਰਾਂਟੋ ਪਹੁੰਚਦੇ ਤਾਂ ਉਨ੍ਹਾਂ ਨੂੰ ਕਾਲਜ ਦੀਆਂ ਸੀਟਾਂ ਭਰਨ ਬਾਰੇ ਕਹਿ ਕੇ ਛੇ ਮਹੀਨੇ ਉਡੀਕ ਕਰਨ ਜਾਂ ਕਿਸੇ ਹੋਰ ਕਾਲਜ ਵਿਚ ਦਾਖਲ ਹੋਣ ਲਈ ਕਹਿੰਦਾ। ਭਰੋਸਾ ਪੱਕਾ ਕਰਨ ਲਈ ਹੋਰ ਕਾਲਜਾਂ ਵਿੱਚ ਦਾਖ਼ਲਾ ਭਰਨ ਲਈ ਇਹੀ ਏਜੰਟ 5-6 ਲੱਖ ਰੁਪਏ ਮੋੜ ਵੀ ਦਿੰਦਾ ਰਿਹਾ। ਦੋ-ਦੋ ਸਾਲ ਪੜ੍ਹਾਈ ਕਰਕੇ ਜਦੋਂ ਵਿਦਿਆਰਥੀਆਂ ਨੇ ਪੱਕੇ ਹੋਣ ਲਈ ਕਾਗ਼ਜ਼ ਭਰੇ ਤਾਂ ਜਾਂਚ ਦੌਰਾਨ ਜਾਅਲਸਾਜ਼ੀ ਦਾ ਭਾਂਡਾ ਫੁੱਟਿਆ। ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਕਿ ਏਜੰਟ ਵੀਜ਼ਾ ਦਰਖਾਸਤ ਉਤੇ ਵਿਦਿਆਰਥੀ ਵੱਲੋਂ 'ਖ਼ੁਦ ਫਾਰਮ ਭਰ ਰਿਹਾ ਤੇ ਏਜੰਟ ਦੀ ਮਦਦ ਨਹੀਂ ਲੈ ਰਿਹਾ' ਲਿਖਵਾ ਕੇ ਜਾਅਲਸਾਜ਼ੀ ਦੀ ਜ਼ਿੰਮੇਵਾਰੀ ਵੀ ਵਿਦਿਆਰਥੀਆਂ ਸਿਰ ਪਾਉਂਦਾ ਰਿਹਾ।



## ਕੈਨੇਡਾ ਪਾਬੰਦੀਆਂ ਦੇ ਪ੍ਰਬੰਧ ਦੇ ਹਿੱਸੇ ਵਜੋਂ ਰੂਸੀ ਸਟੀਲ ਤੇ ਐਲਮੀਨੀਅਮ ਦੀ ਦਰਾਮਦ 'ਤੇ ਪਾਬੰਦੀ ਲਗਾਵੇਗਾ

ਓਟਵਾ-ਕੈਨੇਡਾ ਪਾਬੰਦੀਆਂ ਦੇ ਪ੍ਰਬੰਧ ਦੇ ਹਿੱਸੇ ਵਜੋਂ ਰੂਸ ਤੋਂ ਸਟੀਲ ਤੇ ਐਲਮੀਨੀਅਮ ਦੀ ਦਰਾਮਦ 'ਤੇ ਪਾਬੰਦੀ ਲਗਾ ਰਿਹਾ ਹੈ ਜਦਕਿ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਮੇਲਾਨੀਆ ਜੋਲੀ ਨੇ ਮਾਸਕੋ ਵਿਚ ਸ਼ਾਸਨ ਤਬਦੀਲੀ ਦੀ ਸੰਭਾਵਨਾ ਨੂੰ ਉਭਾਰਿਆ ਹੈ। ਜੋਲੀ ਨੇ ਇਹ ਟਿੱਪਣੀਆਂ ਇਕ ਪ੍ਰੈਸ ਕਾਨਫਰੰਸ ਵਿਚ ਕੀਤੀਆਂ ਜਿਥੇ ਮਾਸਕੋ ਵਿਚ ਕੂਟਨੀਤਕ ਮੌਜੂਦਗੀ ਬਣਾਈ ਰੱਖਣ ਦੀ ਮਹੱਤਤਾ ਬਾਰੇ ਚਰਚਾ ਕੀਤੀ ਗਈ। ਅਸੀਂ ਇਹ ਦੇਖਣ ਦੇ ਯੋਗ ਹਾਂ ਕਿ ਅਸੀਂ ਹੁਣ ਰੂਸੀ ਸ਼ਾਸਨ ਨੂੰ ਕਿੰਨਾ ਅਲੱਗ ਕਰ ਰਹੇ ਹਾਂ ਕਿਉਂਕਿ ਸਾਨੂੰ ਇਹ ਆਰਥਿਕ ਤੌਰ 'ਤੇ, ਰਾਜਨੀਤਕ ਅਤੇ ਕੂਟਨੀਤਕ ਤੌਰ 'ਤੇ ਕਰਨ ਦੀ ਲੋੜ ਹੈ।

## ਸਿੱਖ ਸੁਸਾਇਟੀ ਬੌਮਾਊਂਟ ਵਲੋਂ ਵਿਸਾਖੀ ਮੇਲਾ 13 ਅਪ੍ਰੈਲ ਨੂੰ ਮਨਾਉਣ ਦਾ ਫ਼ੈਸਲਾ



ਐਡਮਿੰਟਨ ( ਦੀਪਤੀ)-ਸਿੱਖ ਸੋਸਾਇਟੀ ਆਫ ਬੌਮਾਉਂਟ ਰਜਿ ਦੀ ਜ਼ਰੂਰੀ ਮੀਟਿੰਗ ਸੋਸਾਇਟੀ ਦੇ ਚੇਅਰਮੈਨ ਸ੍ਰੀ ਸੁਖਦੇਵ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਰੀਕ੍ਰੀਏਸਨ ਸੈਂਟਰ ਬੌਮਾਉਟ ਵਿਖੇ ਹੋਈ। ਇਸ ਮੀਟਿੰਗ ਦੌਰਾਨ ਫੈਸਲਾ ਕੀਤਾ ਕਿ ਖ਼ਾਲਸਾ ਸਾਜਨਾ ਦਿਵਸ ਮੇਲਾ ਵਿਸਾਖੀ ਮਿੱਤੀ 13-4-2023 ਦਿਨ ਵੀਰਵਾਰ ਨੂੰ ਸੀਨੀਅਰ ਸੀਟੀਜਨ ਕੱਲਬ 52041 50th Avn ਬੌਮਾਉਟ ਵਿਖੇ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ। ਇਸ ਮੀਟਿੰਗ ਵਿੱਚ ਸੋਸਾਇਟੀ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਜ਼ਿਹਨਾਂ ਵਿੱਚ ਗੁਰਜੀਤ ਸਰਾਂ, ਗੁਰਮੁੱਖ ਸਿੰਘ ਮੁੰਡੀ, ਸੁਖਦੇਵ ਸਿੰਘ ਗੋਸਲ਼ ਸਤੀਸ ਸਚਦੇਵਾ ਸੁਖਦੇਵ ਸਿੰਘ ਢਿੱਲੋ, ਹਰਦੀਪ ਸਿੰਘ ਸ਼ੇਖੋ, ਰਣਜੀਤ ਸਿੰਘ ਪੱਵਦੀ, ਰਣਜੀਤ ਸਿੰਘ ਪੱਵਾ, ਮੇਜਰ ਸਿੰਘ, ਰਾਏ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ। ਇੱਸ ਮੀਟਿੰਗ ਨੇ ਬੌਮਾਉਟ ਅਤੇ ਨੇੜੇ ਰਹਿੰਦੇ ਸਮੂਹ ਪੰਜਾਬੀ ਲੋਕਾਂ ਨੂੰ ਅਪੀਲ ਕੀਤੀ ਕਿ ਸੋਸਾਇਟੀ ਵੱਲੋਂ ਕੀਤੇ ਜਾ ਰਹੇ ਉਪਰਾਲੇ ਨੂੰ ਤਨੋਂ ਮਨੋਂ ਸਹਿਯੋਗ ਦਿੱਤਾ ਜਾਵੇ।

## ਅਲਬਰਟਾ ਰੈੱਡ ਡੀਅਰ ਰੀਜਨਲ ਏਅਰਪੋਰਟ ਨੂੰ ਅਪਗ੍ਰੇਡ ਕਰਨ ਲਈ ਤਿੰਨ ਕਰੋੜ ਡਾਲਰ ਦੇਵੇਗਾ

ਐਡਮਿੰਟਨ-ਅਲਬਰਟਾ ਸਰਕਾਰ ਨੇ ਕਿਹਾ ਕਿ ਉਹ ਇਸ ਸਾਲ ਦੇ ਬਜਟ ਦੇ ਹਿੱਸੇ ਵਜੋਂ ਰੈੱਡ ਡੀਅਰ ਰੀਜਨਲ ਹਵਾਈ ਅੱਡੇ ਦੇ ਵਿਸਥਾਰ ਲਈ 3 ਕਰੋੜ ਡਾਲਰ ਖਰਚ ਕਰ ਰਹੀ ਹੈ। ਸੂਬੇ ਦਾ ਕਹਿਣਾ ਕਿ ਪੈਸਾ ਇਸ ਨੂੰ ਕੇਂਦਰੀ ਅਲਬਰਟਾ ਵਿਚ ਇਕ ਨਵੀਂ ਰਾਸ਼ਟਰੀ ਆਵਾਜਾਈ ਲੌਜਿਸਟਿਕਸ ਹੱਬ ਬਣਾਉਣ ਲਈ ਦਿੱਤਾ ਜਾ ਰਿਹਾ ਹੈ। ਹਵਾਈ ਅੱਡੇ ਦੀ ਮੁਰੰਮਤ ਅਤੇ ਇਸ ਦੀ ਹਵਾਈ ਪੱਟੀ ਨੂੰ ਅਧੁਨਿਕ ਬਣਾਉਣ ਲਈ ਗਰਾਂਟ ਦਿੱਤੀ ਜਾ ਰਹੀ ਹੈ। ਗਰਾਂਟ ਨਾਲ ਸੜਕ ਦੀ ਉਸਾਰੀ ਅਤੇ ਸਿਵਲ ਕੰਮ ਵੀ ਕੀਤੇ ਜਾਣਗੇ ਜਿਸ ਵਿਚ ਪਾਣੀ ਦੀ ਸਫਾਈ, ਸਟੌਰਮ ਵਰਕ ਅਤੇ ਟਾਊਨਸ਼ਿਪ ਰੋਡ ਨੇੜੇ ਫਾਈਬਰ ਆਪਟਿਕਸ ਸ਼ਾਮਿਲ ਹੈ।















ALBERTA HOMOEOPATHIC CLINIC
6715 - 17 ave SW Edmonton AB T6X0G9
ਬੱਚਿਆਂ, ਔਰਤਾਂ ਅਤੇ ਮਰਦਾਂ ਦੀਆਂ ਹਰ ਤਰਾਂ ਦੀਆਂ ਬਿਮਾਰੀਆਂ ਦਾ ਇਲਾਜ
ਦੇਖਣ, ਸਲਾਹ ਮਸ਼ਵਰਾ ਬਿਲਕੁਲ ਮੁਫਤ, ਸਿਰਫ ਦਵਾਈ-ਦਵਾਈ ਦਾ ਮੁੱਲ
Dr. Avtar Singh Bhatti
D.H.M.S(Pb) C.H.M.S India
Register with Homoeopathic Medical Association Canada
Timings
Monday to Friday: 5 pm to 9 pm
Saturday : Full Day
Sunday : Closed
www.albertahomeopathic.ca
dr.avtarsinghbhatti@hotmail.com
25 Years Experience in Clinical Practice
Permanent Cure with No Side effects
Ph:- 587-984-5233, 780-504-7808




Millwoods Meat Shop
MILLWOODS MEAT SHOP
Ready to Eat Tandoori Chicken and Fish.
ਇਥੇ ਤਾਜ਼ਾ ਮੀਟ ਮਿਲਦਾ ਹੈ
Franchise Available
Mouth Watering Pickles: Pork, Goat & Chicken
Specialist in: Fresh Meat, Poultry & Fish.
Call:780-465-6595
South Side 1521 Millwoods Road (East),Edmonton, AB.T6L 5H1
3123 141 St SW, Edmonton, AB T6W 4L2, 780-430-7172
2037 163 St SW, Edmonton, AB T6W 1A4, 780-756-6595




ORCHARDS DENTAL
DENTIST CLINIC IN EDMONTON
NEW PATIENTS WELCOME
ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਤਜ਼ਰਬੇਕਾਰ ਡਾਕਟਰਾਂ ਰਾਹੀ ਇਲਾਜ ਕਰਵਾਉਣ ਲਈ ਸੰਪਰਕ ਕਰੋ।
SAME DAY Emergency appointments Available!
Direct Billing to all Insurance
We Follow the Current Alberta Fee Guide
FREE Invisalign consult.
FREE Implant consult.
FREE In Clinic Teeth whitening with New Patient Exam and cleaning.
SAME DAY Emergency appointments.
780-756-9555
CALL OUR EMERGENCY (available 24X7)
587-873-3368
1504 91 Street SW, #6, Edmonton, AB T6X 1M5, Canada





Maharaja
Banquet Facility
BEAUTY
SERVICE
ELEGANCE
•Big Dance Floor •Full Bar
•Excellent Bridal Chair
•Great Music System
•Projector Screen
Banquet Facility From 100 to 1200 People
Tariq Chaudary
ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ ਮਹਾਰਾਜਾ ਬੈਂਕੁਇਟ ਹਾਲ ਬੁਕ ਕਰੋ।




KITCHEN Pro
Cabinet Maker in Edmonton
ਆਪਣੇ ਮਨਪਸੰਦ ਡਿਜ਼ਾਇਨ ਦੇ ਕਿਚਨ ਕੈਬਨੇਟ, ਬਾਥਰੂਮ ਵੈਨੀਟੀਜ਼ ਸਟੋਰ ਫਰੰਟ ਸਰਵਿਸ ਡੈਸਕ ਆਦਿ ਬਨਵਾਉਣ ਲਈ ਕਾਲ ਕਰੋ।
• Custom Kitchen Cabinets
• Custom Bed for Room and Closets.
• Bathroom Vanities • Wet Bar
Residential & Commercial
Quality Work & Reasonable Rates
Call:780-938-0713
Email:kitchenpro13@gmail.com
4642 91 Avenue Northwest AB T6B 2L1








## ਸਾ ਰੇ ਗਾ ਮਾ ਦੇ ਸਟਾਰ ਗਾਇਕ ਜਗਪ੍ਰੀਤ ਬਾਜਵਾ ਦੀ ਸਰੀ ਵਿਚ ਸ਼ਾਮ-ਏ-ਮਹਿਫਲ 31 ਨੂੰ



ਸਰੀ (ਦੇ. ਪ੍ਰ. ਬਿ.)-ਸੰਗੀਤ ਦੀ ਦੁਨੀਆ ਵਿਚ ਜਾਣੇ ਪਹਿਚਾਣੇ ਨਾਮ, ਡੈਲਟਾ ਨਿਵਾਸੀ ਗਾਇਕ ਜਗਪ੍ਰੀਤ ਬਾਜਵਾ ਦੀ ਸ਼ਾਮ ਏ ਮਹਿਫਲ ਇਸ 31 ਮਾਰਚ ਦਿਨ ਸ਼ੁਕਰਵਾਰ ਨੂੰ ਰਿਵਰਸਾਈਡ ਸਿਗਨੇਚਰ ਬੈਂਕੁਇਟ ਹਾਲ 13030- 76 ਐਵਨਿਊ ਸਰੀ ਵਿਖੇ ਮਨਾਈ ਜਾ ਰਹੀ ਹੈ। ਬਾਲੀਵੁੱਡ ਏਕ ਤਾਰਾ ਕੰਪੀਟੀਸ਼ਨ (2008) ਅਤੇ ਸਾ ਰੇ ਗਾ ਮਾ ( 2016) ਦਾ ਸਟਾਰ ਗਾਇਕ ਜਗਪ੍ਰੀਤ ਬਾਜਵਾ ਜਿਸਦੀ ਬਚਪਨ ਵਿਚ ਹੀ ਅੱਖਾਂ ਦੀ ਰੌਸ਼ਨੀ ਚਲੀ ਗਈ ਸੀ, ਸੰਗੀਤ ਦੀ ਦੁਨੀਆ ਵਿਚ ਕਈ ਕੌਮੀ ਤੇ ਕੌਮਾਂਤਰੀ ਪੱਧਰ ਦੇ ਇਨਾਮ ਸਨਮਾਨ ਜਿੱਤ ਚੁੱਕਾ ਹੈ। ਉਹ ਅੰਗਰੇਜੀ, ਫਰੈਂਚ, ਹਿੰਦੀ ਤੇ ਪੰਜਾਬੀ ਸਮੇਤ ਚਾਰ ਭਾਸ਼ਾਵਾਂ ਵਿਚ ਗਾਉਣ ਦੀ ਮੁਹਾਰਤ ਰੱਖਦਾ ਹੈ। 31 ਮਾਰਚ ਨੂੰ ਕਰਵਾਈ ਜਾ ਰਹੀ ਸ਼ਾਮ ਏ ਮਹਿਫਲ ਦੀ ਐਂਟਰੀ ਟਿਕਟ 60 ਡਾਲਰ ਰੱਖੀ ਗਈ ਹੈ। ਟਿਕਟਾਂ ਤੇ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲਈ ਜਗਬੀਰ ਬਾਜਵਾ ਨਾਲ ਫੋਨ ਨੰਬਰ 778-552-2009 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰੂ ਨਾਨਕ ਫੂਡ ਬੈਂਕ ਵਲੋਂ ਓਰੀਐਂਟੇਸ਼ਨ ਸੈਮੀਨਾਰ ਦਾ ਆਯੋਜਨ



ਸਰੀ-ਗੁਰੂ ਨਾਨਕ ਫੂਡ ਬੈਂਕ ਨੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਸਰੀ 15255 68 ਐਵੀਨਿਊ ਵਿਖੇ ਓਰੀਐਂਟੇਸ਼ਨ ਸੈਮੀਨਾਰਾਂ ਦੀ ਦੂਸਰੀ ਲੜੀ ਦਾ ਪ੍ਰਬੰਧ ਕੀਤਾ।



ਸੂਚੀ ਵਿਚ ਜ਼ਿਕਰ ਕੀਤੇ ਗਏ ਵੱਖ ਵੱਖ ਸੈਮੀਨਾਰਾਂ ਦੇ ਵਿਸ਼ਿਆਂ ਵਿਚੋਂ ਮਾਨਸਿਕ ਸਿਹਤ ਅਤੇ ਨਸ਼ਾਖੋਰੀ ਅੱਜ ਦੇ ਮੁੱਖ ਮੁੱਦੇ ਸਨ। ਐਸਪੀਐਸ ਤੋਂ ਸਾਰਜੈਂਟ ਜੈਗਖੋਸਾ ਅਤੇ ਡਾ. ਮਨਦੀਪ ਮਿਨਹਾਸ ਐਮਡੀ ਮੁੱਖ ਬੁਲਾਰੇ ਸਨ ਜਿਨ੍ਹਾਂ ਨੇ ਆਪਣੇ ਨਿੱਜੀ ਤਜਰਬਿਆਂ ਅਤੇ ਗਿਆਨ ਨਾਲ ਉਪਰ ਜ਼ਿਕਰ ਕੀਤੇ ਵਿਸ਼ਿਆਂ ਬਾਰੇ ਦਰਸ਼ਕਾਂ ਨੂੰ ਸਿੱਖਿਅਤ ਕੀਤਾ। ਉਨ੍ਹਾਂ ਦੇ ਨਾਲ ਨਸ਼ਾ ਪੀੜਤ ਕੁਲਜਿੰਦਰ ਗਿੱਲ ਨੇ ਆਪਣੀ ਪਿਛਲੀ ਜ਼ਿੰਦਗੀ ਦੇ ਤਜਰਬੇ ਅਤੇ ਨਸ਼ਿਆਂ ਵਿਚ ਫਸਣ ਦੇ ਆਪਣੇ ਸਫਰ ਅਤੇ ਇਸ ’ਤੇ ਜਿੱਤ ਪਾਉਣ ਦੀ ਗੱਲ ਸਾਂਝੀ ਕੀਤੀ ਕਿ ਕਿਵੇਂ ਉਸ ਨੇ ਸਹੀ ਰਾਹ ਚੁਣਿਆਂ ਅਤੇ ਹੁਣ ਉਹ ਗੁਰੂ ਨਾਨਕ ਫੂਡ ਬੈਂਕ ਦਾ ਸਮਰਪਿਤ ਮੁਲਾਜ਼ਮ ਹੈ। ਸੈਮੀਨਾਰ ਵਿਚ 220-250 ਵਿਅਕਤੀ ਨਿੱਜੀ ਰੂਪ ਵਿਚ ਸ਼ਾਮਿਲ ਹੋਏ ਅਤੇ ਲਗਪਗ 500 ਲੋਕਾਂ ਨੇ ਵਾਇਆ ਫੇਸਬੁੱਕ ਅਤੇ ਜ਼ੂਮ ਮੀਟਿੰਗ ਰਾਹੀਂ ਇਸ ਨੂੰ ਸੁਣਿਆਂ ਜੋ ਕਿ ਸ਼ਲਾਘਾਯੋਗ ਹੈ। ਅਗਲੇ ਮਹੀਨੇ ਡੈਲਟਾ ਵਿਖੇ ਸੈਮੀਨਾਰ ਕਰਵਾਇਆ ਜਾਵੇਗਾ ਜਿਸ ਦੀ ਜਾਣਕਾਰੀ ਸਾਡੀ ਵੈੱਬਸਾਈਟ ’ਤੇ ਉਪਲਬਧ ਹੋਵੇਗੀ। ਫੂਡ ਬੈਂਕ ਦੇ ਫੋਨ ਨੰਬਰ ’ਤੇ ਕਾਲ ਕਰਕੇ ਵੀ ਜਾਣਕਾਰੀ ਲਈ ਜਾ ਸਕਦੀ ਹੈ ਅਤੇ ਸੈਮੀਨਾਰ ਦੀ ਵੀਡੀਓ ਯੂਟਿਊਬ ’ਤੇ ਲੱਭੀ ਜਾ ਸਕਦੀ ਹੈ।

www.universalautocollison.com
We Moved in Aldergrove
UNIVERSAL AUTO COLLISON LTD.
UNIVERSAL AUTO COLLISION LTD.
> ICBC & Private Insurance Claims
> Body, Paints & Frame work
> computerized color matching
> custom paint
> windshield claims
> colison & Frame work
> frame & unibody repair experts
Kulwinder Sandhu
Ceo/owner
P: 604-596-2800 F:604-596-3800
27441 Fraser Hwy Aldergrove

## ਸਿੱਖ ਫੌਜੀਆਂ ਲਈ ਸੰਵੇਦਨਸ਼ੀਲ ਥਾਵਾਂ ਤੇ ਡਿਊਟੀ ਦੌਰਾਨ ਲੋਹਟੋਪ ਪਹਿਨਣਾ ਲਾਜ਼ਮੀ



ਨਵੀਂ ਦਿੱਲੀ (ਦਿਓਲ)-ਸਿੱਖ ਫੌਜੀਆਂ ਲਈ ਵਿਸ਼ੇਸ਼ ਹੈਲਮਟ ਪਹਿਨਣ ਦੀ ਤਜਵੀਜ਼ ਸਬੰਧੀ ਉੱਠੇ ਵਿਵਾਦ ਮਗਰੋਂ ਕੇਂਦਰ ਸਰਕਾਰ ਨੇ ਅੱਜ ਕਿਹਾ ਕਿ ਸੰਵੇਦਨਸ਼ੀਲ ਥਾਵਾਂ ‘ਤੇ ਤਾਇਨਾਤ ਜਵਾਨਾਂ ਨੂੰ ਆਪਣੇ ਬਚਾਅ ਲਈ ਇਹ ਹੈਲਮਟ ਪਹਿਨਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਲੜਾਕੂ ਜਹਾਜ਼ਾਂ ਅਤੇ ਹੈਲੀਕਾਪਟਰਾਂ ਦੇ ਸਾਰੇ ਪਾਇਲਟ ਅਤੇ ਜਵਾਨ ਉਨ੍ਹਾਂ ਖੇਤਰਾਂ ਵਿੱਚ ਤਾਇਨਾਤ ਹਨ, ਜਿੱਥੇ ਦੁਸ਼ਮਣਾਂ ਦੇ ਹਮਲਿਆਂ ਦੀ ਸੰਭਾਵਨਾ ਹੈ ਜਾਂ ਉਹ ਮਹੱਤਵਪੂਰਨ ਥਾਵਾਂ ਦੀ ਸੁਰੱਖਿਆ ਕਰ ਰਹੇ ਹਨ। ਇਸ ਲਈ ਉਨ੍ਹਾਂ ਦੀ ਨਿੱਜੀ ਸੁਰੱਖਿਆ ਲਈ ਬੁਲੇਟ ਪਰੂਫ ਹੈਲਮਟ ਪਾਉਣਾ ਲਾਜ਼ਮੀ ਹੈ। ਪਟਿਆਲਾ ਤੋਂ ਸੰਸਦ ਮੈਂਬਰ ਪ੍ਰਨੀਤ ਕੌਰ ਵੱਲੋਂ ਅੱਜ ਲੋਕ ਸਭਾ ਵਿੱਚ ਪੁੱਛੇ ਗਏ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਰੱਖਿਆ ਰਾਜ ਮੰਤਰੀ ਅਜੈ ਭੱਟ ਨੇ ਇਹ ਗੱਲ ਆਖੀ। ਉਨ੍ਹਾਂ ਸਵਾਲ ਕੀਤਾ ਸੀ ਕਿ ਕੀ ਸਰਕਾਰ ਦੀ ਸਿੱਖ ਫੌਜੀਆਂ ਲਈ ਵਿਸ਼ੇਸ਼ ਹੈਲਮਟ ਪਹਿਨਣਾ ਲਾਜ਼ਮੀ ਕਰਨ ਦੀ ਤਜਵੀਜ਼ ਹੈ।

## ਮਹਿੰਦਰ ਸਿੰਘ ਬਰਾੜ ਨਮਿੱਤ ਅੰਤਿਮ ਅਰਦਾਸ 19 ਨੂੰ



ਐਬਸਫੋਰਡ-ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ. ਮਹਿੰਦਰ ਸਿੰਘ ਬਰਾੜ (ਖੋਟੇ) ਰਿਟਾਇਰਡ ਮੁੱਖ ਸੇਵਾਦਾਰ ਖਾਲਸਾ ਦੀਵਾਨ ਸੁਸਾਇਟੀ, ਐਬਸਫੋਰਡ ਜੋ ਕਿ 9 ਮਾਰਚ, 2023 ਨੂੰ ਸਾਨੂੰ ਸਦੀਵੀਂ ਵਿਛੋੜਾ ਦੇ ਗਏ ਹਨ, ਦਾ ਅੰਤਿਮ ਸਸਕਾਰ ਮਾਰਚ 19 ਮਾਰਚ, 2023 ਦਿਨ ਐਤਵਾਰ ਨੂੰ ਫਰੇਜ਼ਰ ਰਿਵਰ ਫਿਊਨਲ ਹੋਮ 2061 ਰੀਵਰਸਾਈਡ ਰੋਡ, ਐਬਸਫੋਰਡ ਵਿਖੇ ਦੁਪਹਿਰ 2.00 ਵਜੇ ਕੀਤਾ ਜਾਵੇਗਾ। ਉਨ੍ਹਾਂ ਨਮਿੱਤ ਰਖਾਏ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ 19 ਮਾਰਚ ਨੂੰ ਹੀ ਬਾਅਦ ਦੁਪਹਿਰ 3.30 ਵਜੇ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਵਿਖੇ ਪਾਏ ਜਾਣਗੇ। ਸਮੂਹ ਸੰਗਤਾਂ ਨੂੰ ਅੰਤਿਮ ਅਰਦਾਸ ਵਿਚ ਆਉਣ ਦੀ ਬੇਨਤੀ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਸ. ਜਗਮੋਹਣ ਸਿੰਘ ਬਰਾੜ 778-552-7789, ਬੀਬੀ ਸਰਬਜੀਤ ਕੌਰ ਬਰਾੜ, ਬੀਬੀ ਸੁਰਿੰਦਰ ਕੌਰ ਬਰਾੜ, ਹੁਨਰਦੀਪ ਸਿੰਘ ਬਰਾੜ 604-614-2585, ਗਗਨਦੀਪ ਸਿੰਘ ਬਰਾੜ 778-552-6034 ’ਤੇ ਸੰਪਰਕ ਕਰ ਸਕਦੇ ਹੋ।

Homeowner • Fleet • Business • Auto • Travel • Boats • Life • Critical • Cargo • Commercial

HOUSE INSURANCE

| HOUSE | CONTENTS | LIABILITY | PREMIUM |
|---|---|---|---|
| $450,000 | $315,000 | 1 Million | $302/YEAR |
| $550,000 | $385,000 | 1 Million | $346/YEAR |
| $650,000 | $455,000 | 1 Million | $407/YEAR |
| $750,000 | $525,000 | 1 Million | $467/YEAR |

Discounts may Vary due to individual circumstances and policy requirements.
Rates subject to change without notice.
Above Rates Includes: • Senior Discount • Claims Free Discount • New Home Discount • Mortgage Free Discount • Home Production Discount • Deductible Applicable • Monthly Payment Plan

AMC
Wawanesa Insurance
ICBC ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਵਾਜਿਬ ਕੀਮਤ ’ਤੇ ਕਰਦੇ ਹਾਂ।
ਸਾਡੇ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਸਵੇਰੇ 9 ਵਜ਼ੇ ਤੋਂ ਸ਼ਾਮ 9 ਵਜ਼ੇ ਤੱਕ ਖੁੱਲ੍ਹਦੇ ਹਨ।
ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਫਾਇਨੈਂਸਿੰਗ ਵੀ ਕਰਦੇ ਹਾਂ।

JASWINDER S. PARMAR (604-351-6539)
AMC INCURANCE SERVICES LTD

SURREY (HEAD OFFICE) Ph: 604-507-6666 #120,12888-80th Ave.
CLOVERDALE Ph: 604-576-6648 134-17455,Hwy 10
LANGLEY Ph:604-882-6000 160-20728 Willoughby Town Center Dr
COQUITLAM Ph: 604-939-2425 #404,552 Clarke Rd
COQUITLAM Ph: 604-942-3555 405-1192 Lansdowne Dr
VANCOUVER Ph: 604-876-0126 454 West Broadway
ABBOTSFORD Ph: 604-744-0360 31696 South Fraserway
NORTH VANCOUVER Ph: 604-985-3185 140 East 14th Street, North Vancouver

Call us to Save minimum 10% or more on your Insurance






# ਸਰੀ ਵਿਚ ਸੁਰੱਖਿਅਤ ਕਿੰਗ ਜਾਰਜ ਬੁਲੇਵਾਰਡ ਬਣਾਉਣ ਲਈ ਫੈਡਰਲ ਫੰਡਿੰਗ ਦਾ ਐਲਾਨ

ਸਰੀ-ਲਿਬਰਲ ਐਮਪੀ ਰਣਦੀਪ ਐਸ ਸਰਾਏ ਅਤੇ ਸਰੀ ਦੀ ਮੇਅਰ ਬਰੈਂਡਾ ਲੌਕ ਨੇ ਨੇ ਸਰਗਰਮ ਟਰਾਂਸਪੋਰਟ ਯੂਜ਼ਰਾਂ ਲਈ ਕਿੰਗ ਜਾਰਜ ਬੁਲੇਵਾਰਡ ਸੁਰੱਖਿਅਤ ਬਣਾਉਣ ਲਈ 65 ਲੱਖ ਡਾਲਰ ਤੋਂ ਵੀ ਵੱਧ ਫੈਡਰਲ ਨਿਵੇਸ਼ ਦਾ ਐਲਾਨ ਕੀਤਾ ਹੈ। ਪੈਦਲ ਯਾਤਰੀਆਂ ਲਈ ਸੁਰੱਖਿਆ ਉਪਾਅ ਅਤੇ ਸੁਰੱਖਿਅਤ ਸਾਈਕਲਿੰਗ ਬੁਨਿਆਦੀ ਢਾਂਚਾ 96ਵੀਂ ਅਤੇ 108ਵੀਂ ਐਵੀਨਿਊਜ਼ ਵਿਚਕਾਰ ਰੱਖਿਆ ਜਾਵੇਗਾ। ਯੋਜਨਾਬੱਧ ਪੈਦਲ ਯਾਤਰੀ ਸੁਰੱਖਿਆ ਉਪਾਵਾਂ ਵਿਚ ਚੌੜੇ ਸਾਈਡਵਾਕ, ਕਰਬ ਐਕਸਟੈਂਸ਼ਨ, ਨਵੇਂ ਕਰੌਸਵਾਕ ਅਤੇ ਪਹੁੰਚਯੋਗ ਕਰਬ ਰੈਂਪਸ ਸ਼ਾਮਿਲ ਹਨ। ਖੱਬੇ ਪਾਸੇ ਮੁੜਨ ਵਾਲੇ ਵਾਹਨਾਂ ਨੂੰ ਵੱਖ ਕਰਨ, ਪੈਦਲ ਯਾਤਰੀਆਂ ਲਈ ਦਿਖ ਨੂੰ ਬਿਹਤਰ ਬਣਾਉਣ ਅਤੇ ਕਮਜ਼ੋਰ ਰੋਡ ਯੂਜ਼ਰਜ਼ ਦੇ ਬਚਾਅ ਲਈ ਟਰੈਫਿਕ ਸਿਗਨਲਾਂ ਵਿਚ ਵੀ ਸੋਧਾਂ ਕੀਤੀਆਂ ਜਾਣਗੀਆਂ। ਇਹ ਪ੍ਰਾਜੈਕਟ ਸਾਈਕਲ ਸਵਾਰਾਂ ਨੂੰ ਮੋਟਰ ਗੱਡੀਆਂ ਦੀ ਆਵਾਜਾਈ ਤੋਂ ਵੱਖ ਕਰਨ ਲਈ ਕੰਕਰੀਟ ਕਰਬ ਨਾਲ ਪੰਜ ਕਿਲੋਮੀਟਰ ਸੁਰੱਖਿਅਤ ਸਾਈਕਲਿੰਗ ਲੇਨਾਂ ਵੀ ਪੇਸ਼ ਕਰੇਗਾ। ਇਹ ਨਿਵੇਸ਼ ਕਮਜ਼ੋਰ ਸੜਕ ਯੂਜ਼ਰਾਂ ਲਈ ਸੁਰੱਖਿਆ ਨੂੰ ਵਧਾਏਗਾ ਜਿਨ੍ਹਾਂ ਦੀ ਗਿਣਤੀ ਲਗਪਗ 70 ਫ਼ੀਸਦੀ ਹੈ ਜਿਨ੍ਹਾਂ ਦੇ ਕਿੰਗ ਜਾਰਜ ਬੁਲੇਵਾਰਡ ਦੇ ਨਾਲ ਆਵਾਜਾਈ ਵਿਚ ਸੱਟਾਂ ਲਗਦੀਆਂ ਤੇ ਮੌਤਾਂ ਹੁੰਦੀਆਂ ਹਨ ਅਤੇ ਇਹ ਸ਼ਹਿਰ ਦੀ ਵਿਜ਼ਨ ਜ਼ੀਰੋ ਪ੍ਰਤੀਬੱਧਤਾਵਾਂ ਨੂੰ ਅੱਗੇ ਵਧਾਏਗਾ। ਜਦੋਂ ਇਸ ਦੀ ਇਕ ਵਾਰ ਉਸਾਰੀ ਹੋ ਗਈ ਤਾਂ ਇਸ ਨਾਲ ਕੋਰੀਡੋਰ ਵਿਚ ਸੁਧਾਰਾਂ ਕਾਰਨ ਤਿੰਨ ਸਾਲਾਂ ਵਿਚ ਹਾਦਸੇ ਘੱਟਣ ਅਤੇ 100 ਤੋਂ ਵੀ ਵੱਧ ਸੱਟਾਂ ਨੂੰ ਰੋਕਣ ਦੀ ਆਸ ਹੈ।

## ਸਾਬਕਾ ਖਾਲਿਸਤਾਨੀ ਆਗੂ ਜਸਵੰਤ ਸਿੰਘ ਠੇਕੇਦਾਰ ਵਲੋਂ ਮੋਦੀ ਦੇ ਕੰਮਾਂ ਦੀ ਸ਼ਲਾਘਾ

ਨਵੀਂ ਦਿੱਲੀ-ਦਲ ਖਾਲਸਾ ਦੇ ਸੰਸਥਾਪਕ ਅਤੇ ਸਾਬਕਾ ਖਾਲਿਸਤਾਨ ਪੱਖੀ ਆਗੂ ਜਸਵੰਤ ਸਿੰਘ ਠੇਕੇਦਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੇ ਸਿੱਖਾਂ ਲਈ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ ਹੈ। ਸ੍ਰੀ ਠੇਕੇਦਾਰ ਨੇ ਕਿਹਾ, 'ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖਾਂ ਅਤੇ ਸਿੱਖ ਧਰਮ ਲਈ ਬਹੁਤ ਕੁਝ ਕੀਤਾ ਹੈ। ਉਹ ਸਾਡੇ ਭਾਈਚਾਰੇ ਨੂੰ ਪਿਆਰ ਕਰਦੇ ਹਨ। ਉਨ੍ਹਾਂ ਨੇ ਬਹੁਤ ਕੁਝ ਕੀਤਾ ਹੈ। ਬਲੈਕਲਿਸਟਾਂ ਨੂੰ ਖਤਮ ਕੀਤਾ, ਕਰਤਾਰਪੁਰ ਲਾਂਘਾ ਖੋਲ੍ਹਿਆ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਕੌਮੀ ਵੀਰ ਬਾਲ ਦਿਵਸ ਮਨਾਉਣ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਵੱਲੋਂ ਰੱਖੀਆਂ ਪ੍ਰਮੁੱਖ ਮੰਗਾਂ ਨੂੰ ਪੂਰਾ ਕਰਨ ਲਈ ਕੰਮ ਕੀਤਾ ਹੈ। ਸਿਰਫ਼ ਕੁਝ ਮੰਗਾਂ ਹੀ ਪੂਰੀਆਂ ਹੋਣੀਆਂ ਬਾਕੀ ਹਨ। 23 ਫਰਵਰੀ ਨੂੰ ਅੰਮ੍ਰਿਤਸਰ ਦੇ ਅਜਨਾਲਾ ਵਿਖੇ ਪੁਲੀਸ ਨਾਲ ਝੜਪ ਤੋਂ ਬਾਅਦ ਸੁਰਖੀਆਂ ਵਿਚ ਆਏ ਖਾਲਿਸਤਾਨ ਪੱਖੀ ਆਗੂ ਅਤੇ 'ਪੰਜਾਬ ਵਾਰਿਸ ਦੇ' ਮੁਖੀ ਅੰਮ੍ਰਿਤਪਾਲ ਸਿੰਘ ਬਾਰੇ ਠੇਕੇਦਾਰ ਨੇ ਕਿਹਾ ਕਿ ਉਹ ਖਾਲਿਸਤਾਨ ਬਾਰੇ ਕੁਝ ਨਹੀਂ ਜਾਣਦਾ। ਉਨ੍ਹਾਂ ਕਿਹਾ ਕਿ ਉਹ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਨਹੀਂ ਹੋਵੇਗਾ। ਅੰਮ੍ਰਿਤਪਾਲ ਖਾਲਿਸਤਾਨੀ ਨਹੀਂ ਹੈ, ਉਸ ਨੂੰ ਇਸ ਬਾਰੇ ਕੁਝ ਨਹੀਂ ਪਤਾ ਪਰ ਉਸ ਨੇ ਖਾਲਿਸਤਾਨ ਦੇ ਨਾਂ 'ਤੇ ਬਹੁਤ ਪੈਸਾ ਜ਼ਰੂਰ ਕਮਾਇਆ ਹੈ। ਮੈਨੂੰ ਨਹੀਂ ਲੱਗਦਾ ਕਿ ਉਹ ਅੱਗੇ ਜਾ ਕੇ ਆਪਣੇ ਮਨਸੂਬਿਆਂ 'ਚ ਕਾਮਯਾਬ ਹੋਵੇਗਾ। ਭਾਰਤ ਵੱਲੋਂ ਪਾਬੰਦੀਸ਼ੁਦਾ ਜਥੇਬੰਦੀ ਵੱਲੋਂ ਕੁਝ ਪੱਛਮੀ ਦੇਸ਼ਾਂ ਵਿੱਚ ਖਾਲਿਸਤਾਨ ਰਾਇਸ਼ੁਮਾਰੀ ਦੀਆਂ ਕੋਸ਼ਿਸ਼ਾਂ ਨੂੰ 'ਪਾਖੰਡ' ਅਤੇ ਇਸ ਪਿੱਛੇ ਪਾਕਿਸਤਾਨ ਦੀ ਆਈਐੱਸਆਈ ਦਾ ਹੱਥ ਕਰਾਰ ਦਿੰਦਿਆਂ ਸ੍ਰੀ ਠੇਕੇਦਾਰ ਨੇ ਕਿਹਾ ਕਿ ਇਹ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਹੈ ਅਤੇ ਇਸ ਦਾ ਭਾਰਤੀ ਸਿੱਖਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

## ਪੰਜਾਬ ਪੁਲਿਸ ਵਲੋਂ ਵੱਡੀ ਕਾਰਵਾਈ-ਅੰਮ੍ਰਿਤਪਾਲ ਸਿੰਘ....

[ਸਫ਼ਾ 1 ਦੀ ਬਾਕੀ]

ਉਹ ਅਜੇ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ। ਉਂਜ ਪੁਲੀਸ ਨੇ ਇਹ ਦਾਅਵਾ ਕੀਤਾ ਹੈ ਕਿ 78 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਨ੍ਹਾਂ ਤੋਂ ਕੁੱਲ 9 ਹਥਿਆਰ ਬਰਾਮਦ ਕੀਤੇ ਗਏ ਹਨ। ਕਿਹਾ ਜਾ ਰਿਹਾ ਹੈ ਕਿ ਮਹਿਤਪੁਰ, ਮਲਸੀਆਂ ਅਤੇ ਸ਼ਾਹਕੋਟ ਇਲਾਕੇ ਵਿੱਚ ਪੁਲੀਸ ਵੱਲੋਂ ਅੰਮ੍ਰਿਤਪਾਲ ਸਿੰਘ ਦਾ ਕਾਫ਼ਲਾ ਰੋਕਿਆ ਗਿਆ ਪਰ ਅੰਮ੍ਰਿਤਪਾਲ ਸਿੰਘ ਮੌਕੇ ਤੋਂ ਨਿਕਲਣ ਵਿੱਚ ਸਫ਼ਲ ਹੋ ਗਿਆ। ਪੁਲੀਸ ਨੇ ਉਸ ਦਾ ਲਗਾਤਾਰ ਪਿੱਛਾ ਕੀਤਾ।ਮੀਡੀਆ ਚੈਨਲਾਂ ਨੇ ਦੁਪਹਿਰ ਬਾਦ ਖਬਰ ਦਿੱਤੀ ਸੀ ਕਿ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਪਰ ਪੁਲੀਸ ਨੇ ਦੇ ਰਾਤ ਸਪੱਸ਼ਟੀਕਰਨ ਦਿੱਤਾ ਕਿ ਉਹ ਪੁਲੀਸ ਦੀ ਗ੍ਰਿਫ਼ਤ ਤੋਂ ਬਾਹਰ ਹੈ।





# ਆਪ ਨੇ ਚੋਣਾਂ 'ਚ ਲੋਕਾਂ ਨੂੰ ਦਿੱਤੀਆਂ ਗਾਰੰਟੀਆਂ ਨੂੰ ਕੀਤਾ ਪੂਰਾ


## ਮੁੱਖ ਮੰਤਰੀ ਭਗਵੰਤ ਮਾਨ ਨੇ ਸਰਕਾਰ ਦੀ ਪਹਿਲੀ ਵਰ੍ਹੇਗੰਢ ਮੌਕੇ ਰੰਗਲਾ ਪੰਜਾਬ ਬਣਾਉਣ ਦਾ ਵਾਅਦਾ ਦੁਹਰਾਇਆ

ਚੰਡੀਗੜ੍ਹ-ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦਾ ਇਕ ਸਾਲ ਪੂਰਾ ਹੋਣ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਆਪ' ਵੱਲੋਂ ਚੋਣਾਂ ਦੌਰਾਨ ਲੋਕਾਂ ਨੂੰ ਜੋ ਗਾਰੰਟੀਆਂ ਦਿੱਤੀਆਂ ਸਨ, ਉਸ ਵਿੱਚੋਂ ਵਧੇਰੇ ਗਾਰੰਟੀਆਂ ਨੂੰ ਪਹਿਲੇ ਸਾਲ ਹੀ ਪੂਰਾ ਕਰ ਦਿੱਤਾ ਹੈ ਜਦੋਂ ਕਿ ਰਹਿੰਦੀਆਂ ਗਾਰੰਟੀਆਂ ਨੂੰ ਜਲਦ ਪੂਰਾ ਕਰ ਦਿੱਤਾ ਜਾਵੇਗਾ। ਇਹ ਗੱਲ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ 'ਚ 'ਆਪ' ਸਰਕਾਰ ਦੀ ਪਹਿਲੀ ਵਰ੍ਹੇਗੰਢ 'ਤੇ ਸੋਸ਼ਲ ਮੀਡੀਆ ਰਾਹੀਂ ਵੀਡੀਓ ਜਾਰੀ ਕਰ ਕੇ ਆਖੀ। ਉਨ੍ਹਾਂ ਕਿਹਾ ਕਿ ਹੋਰਨਾਂ ਸਿਆਸੀ ਧਿਰਾਂ ਅਗਲੀ ਵਾਰ ਸਰਕਾਰ ਬਣਾਉਣ ਦਾ ਟੀਚਾ ਰੱਖ ਕੇ ਕੰਮ ਕਰਦੀਆਂ ਹਨ ਪਰ 'ਆਪ' ਸਰਕਾਰ ਨੇ ਅਗਲੀ ਵਾਰ ਸਰਕਾਰ ਬਣਾਉਣ ਲਈ ਨਹੀਂ, ਸਗੋਂ ਅਗਲੀਆਂ ਪੀੜ੍ਹੀਆਂ ਦੀ ਖ਼ੁਸ਼ਹਾਲੀ ਲਈ ਕੰਮ ਕੀਤਾ ਹੈ। ਸ੍ਰੀ ਮਾਨ ਨੇ ਸੂਬੇ ਦੇ ਲੋਕਾਂ ਨੂੰ 'ਮੁੜ ਰੰਗਲਾ' ਪੰਜਾਬ ਬਣਾਉਣ ਦਾ ਵਾਅਦਾ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਪਹਿਲੀ ਦਫ਼ਾ ਅਜਿਹੀ ਸਰਕਾਰ ਬਣੀ, ਜਿਹੜੀ ਸੂਬੇ ਦੇ ਲੋਕਾਂ ਨਾਲ ਸਬੰਧਤ ਹੈ। ਇਹ ਸਰਕਾਰ ਨਾ ਤਾਂ ਬਾਦਲ ਦੀ ਹੈ ਅਤੇ ਨਾ ਹੀ ਕੈਪਟਨ ਦੀ, ਇਹ ਸਰਕਾਰ ਹਰ ਪੰਜਾਬੀ ਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਪੰਜਾਬ ਵਿਆਪਕ ਵਿਕਾਸ ਦਾ ਗਵਾਹ ਬਣਿਆ ਹੈ ਅਤੇ ਦੂਜੇ ਸਾਲ ਵਿੱਚ ਵੀ ਵਿਕਾਸ ਤੇ ਤਰੱਕੀ 'ਤੇ ਵੱਧ ਜ਼ੋਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ 'ਚ ਵਿਕਾਸ ਲਈ ਸਨਅਤਾਂ ਨੂੰ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਨਾਲ ਪੰਜਾਬ ਅਗਲੇ ਦਿਨਾਂ 'ਚ ਸਨਅਤੀ ਗੜ੍ਹ ਵਜੋਂ ਉੱਭਰੇਗਾ। ਇਸ ਨਾਲ ਵੱਡੀ ਗਿਣਤੀ 'ਚ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਇਸ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ ਨਸ਼ਿਆਂ ਦੀ ਜੜ੍ਹ ਵੱਢਣ ਲਈ ਆਗਾਮੀ ਦਿਨਾਂ ਵਿੱਚ ਮੁਹਿੰਮ ਵਿੱਢੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਕੰਮ ਕਰ ਰਹੀ ਹੈ, ਇਸ ਮੁਹਿੰਮ ਨੂੰ ਭਵਿੱਖ ਵਿੱਚ ਹੋਰ ਸਖਤੀ ਨਾਲ ਚਲਾਇਆ ਜਾਵੇਗਾ। ਸ੍ਰੀ ਮਾਨ ਨੇ ਕਿਹਾ ਕਿ 'ਆਪ' ਸਰਕਾਰ ਨੇ ਇਕ ਸਾਲ ਵਿੱਚ 26,797 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ। ਸੂਬਾ ਸਰਕਾਰ ਨੇ 14 ਹਜ਼ਾਰ ਕੱਚੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਹੈ ਅਤੇ ਕੈਬਨਿਟ ਨੇ 14 ਹਜ਼ਾਰ ਹੋਰ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਹਿਲੀ ਜੁਲਾਈ 2022 ਤੋਂ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਗਾਰੰਟੀ ਪੂਰੀ ਕੀਤੀ ਹੈ। ਇਸ ਦੇ ਚੱਲਦਿਆਂ ਨਵੰਬਰ-ਦਸੰਬਰ 2022 'ਚ ਸੂਬੇ ਦੇ 87 ਫੀਸਦੀ ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆਇਆ।

# ਕੋਟਕਪੂਰਾ ਗੋਲੀ ਕਾਂਡ ਵਿਚ ਸੁਖਬੀਰ ਤੇ ਸਾਬਕਾ ਐਸ.ਐਸ.ਪੀ. ਮਾਨ ਦੀ ਜ਼ਮਾਨਤ ਦੀ ਅਰਜੀ ਖਾਰਜ

## ਸਾਬਕਾ ਮੁੱਖ ਮੰਤਰੀ ਬਾਦਲ ਨੂੰ ਵਡੇਰੀ ਉਮਰ ਕਰਕੇ ਰਾਹਤ ਮਿਲੀ

ਫਰੀਦਕੋਟ-ਕੋਟਕਪੂਰਾ ਗੋਲੀ ਕਾਂਡ ਵਿੱਚ ਇਥੋਂ ਦੀ ਅਦਾਲਤ ਨੇ ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਸ ਵੇਲੇ ਦੇ ਐੱਸਐੱਸਪੀ ਸੁਖਮਿੰਦਰ ਸਿੰਘ ਮਾਨ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ, ਜਦੋਂਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਉਮਰ ਨੂੰ ਦੇਖਦਿਆਂ ਚੱਲਦੇ ਮੁਕੱਦਮੇ ਤੱਕ ਅਗਾਊਂ ਜ਼ਮਾਨਤ ਦੇ ਦਿੱਤੀ ਹੈ। ਵਿਸ਼ੇਸ਼ ਜਾਂਚ ਟੀਮ ਨੇ 24 ਫਰਵਰੀ ਨੂੰ ਇਨ੍ਹਾਂ ਸਾਰੇ ਵਿਅਕਤੀਆਂ ਖਿਲਾਫ਼ ਚਲਾਨ ਅਦਾਲਤ ਵਿੱਚ ਪੇਸ਼ ਕਰ ਦਿੱਤਾ ਸੀ, ਜਿਸ ਵਿੱਚ ਸਾਬਕਾ ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਤੇ ਪੁਲੀਸ ਅਧਿਕਾਰੀਆਂ ਉੱਪਰ ਸਾਜ਼ਿਸ਼ ਤਹਿਤ ਸਿੱਖ ਸੰਗਤਾਂ 'ਤੇ ਲਾਠੀਚਾਰਜ ਕਰਨ ਦੇ ਇਲਜ਼ਾਮ ਲੱਗੇ ਸਨ। ਇਸ ਦੇ ਨਾਲ ਹੀ ਅਦਾਲਤ ਨੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਆਦੇਸ਼ ਦਿੱਤੇ ਹਨ ਕਿ ਅਦਾਲਤ ਦੀ ਮਨਜ਼ੂਰੀ ਬਿਨਾਂ ਵਿਦੇਸ਼ ਨਹੀਂ ਜਾ ਸਕਦੇ। ਅਦਾਲਤ ਨੇ ਸਾਬਕਾ ਮੁੱਖ ਮੰਤਰੀ ਨੂੰ ਇਹ ਵੀ ਆਦੇਸ਼ ਦਿੱਤੇ ਹਨ ਕਿ ਉਹ ਕਿਸੇ ਵੀ ਤਰੀਕੇ ਨਾਲ ਕੇਸ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਾ ਕਰਨ ਅਤੇ ਯਕੀਨੀ ਤੌਰ 'ਤੇ 15 ਦਿਨ ਅੰਦਰ ਅਦਾਲਤ ਵਿੱਚ ਪੇਸ਼ ਹੋਣ। 28 ਸਫ਼ਿਆਂ ਦੇ ਫੈਸਲੇ ਵਿੱਚ ਅਦਾਲਤ ਨੇ ਬੇਅਦਬੀ ਤੋਂ ਬਾਅਦ ਵਾਪਰੀਆਂ ਸਾਰੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਜਾਂਚ ਟੀਮ ਨੇ ਦੱਸਿਆ ਕਿ ਸੰਗਤ ਉੱਪਰ ਗੈਰ-ਕਾਨੂੰਨੀ ਤਰੀਕੇ ਨਾਲ ਲਾਠੀਚਾਰਜ ਕੀਤਾ ਗਿਆ।





### ਸੁਖਬੀਰ ਨੇ ਸੰਵਿਧਾਨਕ ਜ਼ਿੰਮੇਵਾਰੀ ਨਹੀਂ ਨਿਭਾਈ-ਅਦਾਲਤ

ਅਦਾਲਤ ਦੇ ਫੈਸਲੇ ਵਿੱਚ ਲਿਖਿਆ ਹੈ ਕਿ ਜਦੋਂ ਪੰਜਾਬ ਬੇਅਦਬੀ ਦੀਆਂ ਘਟਨਾਵਾਂ ਕਾਰਨ ਉਬਲ ਰਿਹਾ ਸੀ ਤਾਂ ਪੰਜਾਬ ਦੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਗੁੜਗਾਉਂ ਦੇ ਇੱਕ ਹੋਟਲ ਵਿੱਚ ਸਨ ਅਤੇ ਇੱਥੇ ਦੋ ਦਿਨ ਰਹੇ ਤੇ ਉਨ੍ਹਾਂ ਨੇ ਸੂਬੇ ਪ੍ਰਤੀ ਆਪਣੀ ਕੋਈ ਬਣਦੀ ਸੰਵਿਧਾਨਕ ਜ਼ਿੰਮੇਵਾਰੀ ਨਹੀਂ ਨਿਭਾਈ। ਪੜਤਾਲ ਰਿਪੋਰਟ ਦਾ ਹਵਾਲਾ ਦਿੰਦਿਆਂ ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਇਹ ਵੀ ਲਿਖਿਆ ਹੈ ਕਿ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਗੁਰਮੀਤ ਰਾਮ ਰਹੀਮ ਸਿੰਘ ਨਾਲ ਸਿੱਧੇ ਤਾਲੁਕਾਤ ਸਨ ਅਤੇ ਉਸ ਨੇ ਚੋਣਾਂ ਵਿੱਚ ਵੋਟਾਂ ਰਾਹੀਂ ਡੇਰਾ ਸਿਰਸਾ ਤੋਂ ਸਿੱਧਾ ਫਾਇਦਾ ਲਿਆ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਬੇਦਅਬੀ ਸਬੰਧੀ ਵਾਪਰੀਆਂ ਤਿੰਨ ਘਟਨਾਵਾਂ ਲਈ ਜ਼ਿੰਮੇਵਾਰ ਡੇਰਾ ਪ੍ਰੇਮੀਆਂ ਖਿਲਾਫ਼ ਪੁਖਤਾ ਕਾਨੂੰਨੀ ਕਾਰਵਾਈ ਨਹੀਂ ਹੋਈ। ਅਦਾਲਤ ਨੇ ਆਪਣੇ ਫੈਸਲੇ ਵਿੱਚ ਇਹ ਵੀ ਕਿਹਾ ਹੈ ਕਿ ਜਾਂਚ ਟੀਮ ਵੱਲੋਂ ਤਿਆਰ ਕੀਤੀ ਰਿਪੋਰਟ ਤੱਥਾਂ, ਗਵਾਹਾਂ, ਵੀਡੀਓ ਅਤੇ ਫੋਰੈਂਸਿਕ ਗਵਾਹੀਆਂ ਦੇ ਆਧਾਰ 'ਤੇ ਹੈ ਅਤੇ ਇਸ ਰਿਪੋਰਟ ਦੇ ਤੱਥਾਂ ਨੂੰ ਨਕਾਰਿਆ ਨਹੀਂ ਜਾ ਸਕਦਾ।

# ਸਿਸੋਦੀਆ ਖਿਲਾਫ ਇਕ ਹੋਰ ਕੇਸ ਦਰਜ

ਨਵੀਂ ਦਿੱਲੀ (ਦਿਓਲ)-ਸੀਬੀਆਈ ਨੇ ਅਧਿਕਾਰਤ ਅਹੁਦੇ ਅਤੇ ਸਿਆਸੀ ਜਾਸੂਸੀ ਲਈ ਸ਼ਹਿਰ ਦੀ ਫੀਡਬੈਕ ਇਕਾਈ (ਐੱਫਬੀਯੂ) ਦੀ ਦੁਰਵਰਤੋਂ ਕਰਨ ਦੇ ਦੋਸ਼ ਹੇਠ ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਖ਼ਿਲਾਫ਼ ਨਵਾਂ ਕੇਸ ਦਰਜ ਕੀਤਾ ਹੈ। ਸਿਸੋਦੀਆ ਨੂੰ ਇਸ ਤੋਂ ਪਹਿਲਾਂ ਸੀਬੀਆਈ ਨੇ ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਕੇਸ 'ਚ ਗ੍ਰਿਫ਼ਤਾਰ ਕੀਤਾ ਸੀ। ਇਸ ਤੋਂ ਬਾਅਦ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਦੇ ਇੱਕ ਕੇਸ 'ਚ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਸਿਸੋਦੀਆ ਇਸ ਸਮੇਂ ਜੇਲ੍ਹ 'ਚ ਹਨ। ਅਧਿਕਾਰੀਆਂ ਨੇ ਦੱਸਿਆ ਕਿ ਸੀਬੀਆਈ ਨੇ ਸਿਸੋਦੀਆ (51) ਅਤੇ ਪੰਜ ਹੋਰਾਂ ਖ਼ਿਲਾਫ਼ ਮੰਗਲਵਾਰ ਨੂੰ ਕੇਸ ਦਰਜ ਕੀਤਾ। ਏਜੰਸੀ ਨੇ ਸਿਸੋਦੀਆ, 1992 ਬੈਚ ਦੇ ਆਈਆਰਐੱਸ ਅਧਿਕਾਰੀ ਸੁਕੇਸ਼ ਕੁਮਾਰ ਜੈਨ (ਤਤਕਾਲੀ ਚੌਕਸੀ ਸਕੱਤਰ), ਸੇਵਾਮੁਕਤ ਸੀਆਈਐੱਸਐੱਫ ਦੇ ਡੀਆਈਜੀ ਰਾਕੇਸ਼ ਕੁਮਾਰ ਸਿਨਹਾ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਸਿਨਹਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਵਿਸ਼ੇਸ਼ ਸਲਾਹਕਾਰ ਤੇ ਐੱਫਬੀਯੂ 'ਚ ਸੰਯੁਕਤ ਡਾਇਰੈਕਟਰ ਵਜੋਂ ਕੰਮ ਕਰ ਰਹੇ ਸਨ। ਅਧਿਕਾਰੀਆਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਇੰਟੈਲੀਜੈਂਸ ਬਿਊਰੋ ਦੇ ਸਾਬਕਾ ਜੁਆਇੰਟ ਡਿਪਟੀ ਡਾਇਰੈਕਟਰ ਪ੍ਰਦੀਪ ਕੁਮਾਰ ਪੁੰਜ, ਸੀਆਈਐੱਸਐੱਫ ਦੇ ਸੇਵਾਮੁਕਤ ਸਹਾਇਕ ਕਮਾਂਡੈਂਟ ਸਤੀਸ਼ ਖੇਤਰਪਾਲ ਤੇ ਗੋਪਾਲ ਮੋਹਨ ਖ਼ਿਲਾਫ਼ ਵੀ ਕੇਸ ਦਰਜ ਕੀਤਾ ਗਿਆ ਹੈ। ਸੀਬੀਆਈ ਨੇ ਕੇਸ ਦਰਜ ਹੋਣ ਦੀ ਜਾਣਕਾਰੀ ਅੱਜ ਦਿੱਤੀ ਹੈ।



# ਪੰਜਾਬੀ ਫਿਲਮੀ ਕਲਾਕਾਰ ਅਮਨ ਧਾਲੀਵਾਲ ਉਪਰ ਜਾਨਲੇਵਾ ਹਮਲਾ



ਯੂਬਾ ਸਿਟੀ-ਅਮਰੀਕਾ ਦੇ ਕੈਲੇਫੋਰਨੀਆ ਸ਼ਹਿਰ ਵਿੱਚ ਪੰਜਾਬੀ ਅਦਾਕਾਰ ਅਮਨ ਧਾਲੀਵਾਲ 'ਤੇ ਇੱਕ ਵਿਅਕਤੀ ਵੱਲੋਂ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਗਿਆ ਹੈ। ਇਸ ਹਮਲੇ ਵਿੱਚ ਅਦਾਕਾਰ ਜ਼ਖ਼ਮੀ ਹੋ ਗਿਆ ਹੈ, ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਹਾਲ ਦੀ ਘੜੀ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਦਾਕਾਰ 'ਤੇ ਹਮਲਾ ਕਰਨ ਵਾਲੇ ਨੂੰ ਸਥਾਨਕ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਥੇ ਮਾਨਸਾ 'ਚ ਰਹਿੰਦੇ ਅਮਨ ਧਾਲੀਵਾਲ ਦੇ ਮਾਤਾ-ਪਿਤਾ ਅਨੁਸਾਰ ਹਾਲੇ ਹਮਲੇ ਦਾ ਕਾਰਨ ਪਤਾ ਨਹੀਂ ਲੱਗ ਸਕਿਆ ਹੈ। ਬਹੁਤੇ ਲੋਕ ਇਸ ਨੂੰ ਅਮਰੀਕਾ ਵਿੱਚ ਭਾਰਤੀਆਂ 'ਤੇ ਹੋ ਰਹੇ ਹਮਲਿਆਂ ਨਾਲ ਜੋੜ ਕੇ ਵੇਖ ਰਹੇ ਹਨ। ਅਦਾਕਾਰ ਦੇ ਪਿਤਾ ਸ਼੍ਰੋਮਣੀ ਕਮੇਟੀ ਮੈਂਬਰ ਤੇ ਸੀਨੀਅਰ ਅਕਾਲੀ ਆਗੂ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੇ ਦੱਸਿਆ ਕਿ ਅਮਰੀਕਾ ਦੀ ਇੱਕ ਜਿਮ ਵਿੱਚ ਅਮਨ 'ਤੇ ਇਹ ਹਮਲਾ ਹੋਇਆ ਹੈ। ਹਮਲਾਵਰ ਨੂੰ ਪੁਲੀਸ ਨੇ ਕਾਬੂ ਕਰ ਲਿਆ ਹੈ ਤੇ ਅਮਨ ਦੇ ਦੋਸਤਾਂ ਨੇ ਉਸ ਨੂੰ ਹਸਪਤਾਲ ਪਹੁੰਚਾਇਆ ਹੈ। ਅਦਾਕਾਰ ਦੇ ਪਿਤਾ ਨੇ ਕਿਸੇ ਨਾਲ ਕੋਈ ਦੁਸ਼ਮਣੀ ਹੋਣ ਦੀ ਗੱਲ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹਮਲਾਵਰ ਪਹਿਲਾਂ ਅਮਨ ਨੂੰ ਚਾਕੂ ਵਰਗੀ ਕੋਈ ਤੇਜ਼ਧਾਰ ਚੀਜ਼ ਦਿਖਾ ਕੇ ਉਸ ਨੂੰ ਡਰਾ ਰਿਹਾ ਸੀ ਤੇ ਫਿਰ ਅਚਾਨਕ ਉਸ ਨੇ ਅਮਨ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਅਮਨ ਨੇ ਹਮਲਾਵਰ ਨੂੰ ਕਾਬੂ ਕਰਕੇ ਜ਼ਮੀਨ 'ਤੇ ਸੁੱਟ ਲਿਆ ਤੇ ਹਮਲਾਵਰ ਨੂੰ ਪੁਲੀਸ ਹਵਾਲੇ ਕੀਤਾ।

# ਮੋਟਰਸਾਈਕਲ ਸਵਾਰਾਂ ਵਲੋਂ ਗੋਲੀਬਾਰੀ ਦੌਰਾਨ 6 ਸਾਲਾ ਬੱਚੇ ਦੀ ਮੌਤ

ਮਾਨਸਾ-ਇਥੋਂ ਨੇੜਲੇ ਪਿੰਡ ਕੋਟਲੀ ਕਲਾਂ ਵਿੱਚ ਛੇ ਸਾਲਾਂ ਦੇ ਬੱਚੇ ਹਰਉਦੈਵੀਰ ਸਿੰਘ ਦੀ ਬੁਲੇਟ ਮੋਟਰਸਾਈਕਲ ਸਵਾਰ ਦੋ ਜਾਣਿਆ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਮਾਨਸਾ ਦੇ ਡੀਐੱਸਪੀ ਸੰਜੀਵ ਗੋਇਲ ਨੇ ਦੱਸਿਆ ਕਿ ਰਾਤ 10 ਵਜੇ ਕੋਟਲੀ ਕਲਾਂ ਦੇ ਜਸਪ੍ਰੀਤ ਸਿੰਘ ਆਪਣੇ ਪੁੱਤਰ ਹਰਉਦੈਵੀਰ ਸਿੰਘ (6) ਅਤੇ ਬੇਟੀ ਨਵਸੀਰਤ ਕੌਰ ਨਾਲ ਗਲ਼ੀ 'ਚੋਂ ਲੰਘਕੇ ਆਪਣੇ ਘਰ ਜਾ ਰਹੇ ਸਨ ਕਿ ਅਚਾਨਕ ਹੀ ਦੋ ਜਣੇ ਬੁਲੇਟ ਮੋਟਰਸਾਈਕਲ ਉਤੇ ਆਏ ਅਤੇ ਗੋਲੀਆਂ ਚਲਾ ਦਿੱਤੀਆਂ। ਉਨ੍ਹਾਂ ਦੱਸਿਆ ਕਿ ਗੋਲੀਆਂ ਚਲਾਉਣ ਦੌਰਾਨ ਬੱਚੇ ਹਰਉਦੈਵੀਰ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ, ਉਸ ਨੂੰ ਮਾਨਸਾ ਦੇ ਸਿਵਲ ਹਸਪਤਾਲ ਲਿਆਂਦਾ ਗਿਆ, ਜਿਥੇ ਡਾਕਟਰਾਂ ਦੀ ਟੀਮ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਗੋਲੀਆਂ ਨਾਲ ਬੇਟੀ ਨਵਸੀਰਤ ਕੌਰ ਵੀ ਜ਼ਖ਼ਮੀ ਹੋਈ ਹੈ ਪਰ ਉਸ ਦੀ ਹਾਲਤ ਫਿਲਹਾਲ ਬਿਲਕੁਲ ਠੀਕ ਦੱਸੀ ਜਾਂਦੀ ਹੈ। ਪੁਲੀਸ ਅਨੁਸਾਰ ਜਾਪਦਾ ਹੈ ਕਿ ਗੋਲੀਆਂ ਜਸਪ੍ਰੀਤ ਸਿੰਘ ਉਤੇ ਚਲਾਈਆਂ ਹੋ ਸਕਦੀਆਂ ਹਨ ਪਰ ਉਸ ਦਾ ਸ਼ਿਕਾਰ ਛੇ ਸਾਲਾਂ ਮਾਸੂਮ ਹੋ ਗਿਆ ਹੈ। ਪੁਲੀਸ ਵੱਲੋਂ ਮਾਮਲਾ ਦਰਜ ਕਰਨ ਤੋਂ ਬਾਅਦ ਇਲਾਕੇ ਵਿੱਚ ਨਾਕੇਬੰਦੀ ਤੇਜ਼ ਕਰ ਦਿੱਤੀ ਹੈ।



# ਬਿਸ਼ਨੋਈ ਦੀ ਜੇਲ੍ਹ ਵਿਚ ਇੰਟਰਵਿਊ ਮਾਮਲੇ ਦੀ ਜਾਂਚ ਦੇ ਹੁਕਮ

ਚੰਡੀਗੜ੍ਹ-ਪੰਜਾਬ ਸਰਕਾਰ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਇੰਟਰਵਿਊ ਮਾਮਲੇ ਦੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਹਨ। ਬਠਿੰਡਾ ਜੇਲ੍ਹ ਵਿਚ ਬੰਦ ਲਾਰੈਂਸ ਬਿਸ਼ਨੋਈ ਦੀ ਪ੍ਰਾਈਵੇਟ ਚੈਨਲ 'ਤੇ ਕਰੀਬ ਇੱਕ ਘੰਟੇ ਤੋਂ ਵੱਧ ਸਮੇਂ ਦੀ ਇੰਟਰਵਿਊ ਦਾ ਭੇਤ ਬਣਿਆ ਹੋਇਆ ਹੈ। ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਅੱਜ ਇਸ ਇੰਟਰਵਿਊ ਦਾ ਰਾਜ਼ ਪਤਾ ਲਗਾਉਣ ਲਈ ਜਾਂਚ ਕਰਾਉਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਇਸ ਦੀ ਜਾਂਚ ਲਈ ਡੀਜੀਪੀ ਗੌਰਵ ਯਾਦਵ ਨੂੰ ਹੁਕਮ ਜਾਰੀ ਕੀਤੇ ਹਨ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ। ਮੁੱਖ ਸਕੱਤਰ ਨੇ ਦੱਸਿਆ ਕਿ ਉਨ੍ਹਾਂ ਲਾਰੈਂਸ ਬਿਸ਼ਨੋਈ ਦੀ ਨਸ਼ਰ ਹੋਈ ਇੰਟਰਵਿਊ ਦੀ ਪੜਤਾਲ ਕਰਨ ਦੇ ਹੁਕਮ ਦੇ ਦਿੱਤੇ ਹਨ ਅਤੇ ਡੀਜੀਪੀ ਨੂੰ ਇਸ ਇੰਟਰਵਿਊ ਦਾ ਸਮਾਂ ਅਤੇ ਸਥਾਨ ਪਤਾ ਲਗਾਉਣ ਬਾਰੇ ਕਿਹਾ ਹੈ। ਉਨ੍ਹਾਂ ਇਸ ਜਾਂਚ ਨੂੰ ਸਮਾਂਬੱਧ ਨਹੀਂ ਕੀਤਾ ਹੈ। ਉਂਜ, ਜੇਲ੍ਹ ਵਿਭਾਗ ਨੇ ਬੀਤੇ ਕੱਲ੍ਹ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਬਠਿੰਡਾ ਜੇਲ੍ਹ 'ਚੋਂ ਇਹ ਇੰਟਰਵਿਊ ਹੋਣ ਬਾਰੇ ਅਫ਼ਵਾਹਾਂ ਚੱਲ ਰਹੀਆਂ ਹਨ ਜਿਨ੍ਹਾਂ 'ਚ ਕੋਈ ਸਚਾਈ ਨਹੀਂ ਹੈ।



### ਡੀਜੀਪੀ ਵੱਲੋਂ ਸਪੱਸ਼ਟੀਕਰਣ

ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜੇਲ੍ਹ 'ਚੋਂ ਸਾਹਮਣੇ ਆਈ ਵੀਡੀਓ ਬਾਰੇ ਪੰਜਾਬ ਪੁਲੀਸ ਦੇ ਡੀਜੀਪੀ ਗੌਰਵ ਯਾਦਵ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਵੀਡੀਓ ਪੰਜਾਬ ਤੋਂ ਬਾਹਰ ਰਿਕਾਰਡ ਕੀਤੀ ਗਈ ਹੈ। ਇਹ ਰਾਜ ਦੀ ਕਿਸੇ ਜੇਲ੍ਹ ਵਿਚ ਨਹੀਂ ਬਣੀ। ਉਨ੍ਹਾਂ ਕਿਹਾ ਕਿ ਇਹ ਸਾਜ਼ਿਸ਼ ਤਹਿਤ ਵਾਇਰਲ ਕੀਤੀ ਗਈ ਹੈ।

## ਬਿਸ਼ਨੋਈ ਦੀ ਇੰਟਰਵਿਊ ਪਿੱਛੇ ਡੂੰਘੀ ਸਾਜਿਸ਼-ਬਲਕੌਰ ਸਿੰਘ ਸਿੱਧੂ

ਮਾਨਸਾ-ਜੇਲ੍ਹ 'ਚੋਂ ਗੈਂਗਸਟਰ ਲਾਰੈਂਸ ਦੀ ਨਿੱਜੀ ਚੈਨਲ ਉਪਰ ਚਰਚਿਤ ਹੋਈ ਇੰਟਰਵਿਊ ਤੋਂ ਬਾਅਦ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਨਾਰਾਜ਼ ਹੋ ਕੇ ਕਿਹਾ ਹੈ ਕਿ ਇਸ ਪਿੱਛੇ ਡੂੰਘੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਗੈਂਗਸਟਰ ਲਾਰੈਂਸ ਦਾ ਇੰਟਰਵਿਊ ਕਰਵਾਉਣ ਦਾ ਮਕਸਦ ਪਹੀਲੀ ਬਰਸੀ ਤੋਂ ਪਹਿਲਾਂ ਸਿੱਧੂ ਮੂਸੇਵਾਲਾ ਨੂੰ ਬਦਨਾਮ ਕਰਨਾ ਹੈ। ਸ੍ਰੀ ਬਲਕੌਰ ਸਿੰਘ ਦਾ ਕਹਿਣਾ ਹੈ ਕਿ 19 ਮਾਰਚ ਨੂੰ ਸਿੱਧੂ ਦੀ ਬਰਸੀ ਹੈ। ਇਸ ਲਈ ਇਹ ਸਾਰਾ ਕੀਤਾ ਜਾ ਰਿਹਾ ਹੈ। ਇਸ ਦੇ ਪਿੱਛੇ ਕਾਰਨ ਇਹ ਹੈ ਕਿ ਬਰਸੀ 'ਤੇ ਘੱਟ ਤੋਂ ਘੱਟ ਲੋਕ ਪਹੁੰਚਣ। ਉਨ੍ਹਾਂ ਦੇ ਪੁੱਤਰ ਦੀ ਕਤਲ ਹੋਏ 10 ਮਹੀਨੇ ਹੋ ਗਏ ਹਨ ਪਰ ਇਸ ਵਾਰਦਾਤ ਪਿੱਛੇ ਕਿਸ ਦਾ ਹੱਥ ਹੈ, ਇਸ ਦਾ ਹਾਲੇ ਤੱਕ ਪਤਾ ਨਹੀਂ ਲੱਗਿਆ। ਹੁਣ ਤੱਕ ਸਿਰਫ਼ ਹਮਲਾਵਰ ਹੀ ਫੜੇ ਗਏ ਹਨ। ਇਸ ਸਾਰੀ ਸਾਜ਼ਿਸ਼ ਨੂੰ ਰਚਣ ਵਾਲੇ ਜਾਂ ਸਿੱਧੂ ਮੂਸੇਵਾਲਾ ਨੂੰ ਮਰਵਾਉਣ ਵਾਲਿਆਂ ਤੱਕ ਪੁਲੀਸ ਨਹੀਂ ਪਹੁੰਚ ਸਕੀ।



ISSN : 1703-1370

VOICE OF THE PUNJABI COMMUNITY

# DESH PARDES TIMES

# ਦੇਸ ਪ੍ਰਦੇਸ ਟਾਈਮਜ਼



EDITOR / ਸੰਪਾਦਕ
ਸੁਖਵਿੰਦਰ ਸਿੰਘ ਚੋਹਲਾ
SUKHWINDER SINGH CHOHLA

MANAGING EDITOR (Hon.)
GURBHALINDER SINGH SANDHU
ASST. EDITOR (EDMONTON)
DAVINDER DEEPTI

ਸੰਪਾਦਕ ਦੀ ਕਲਮ ਤੋਂ....✍

## ਕੈਨੇਡੀਅਨ ਸਿਆਸਤ ਵਿਚ ਚੀਨੀ ਦਖਲਅੰਦਾਜੀ ਦੀ ਜਾਂਚ ਦੇ ਆਦੇਸ਼...

# ਪ੍ਰਧਾਨ ਮੰਤਰੀ ਟਰੂਡੋ ਤੇ ਲਿਬਰਲ ਪਾਰਟੀ ਖੁਦ ਵੀ ਸਵਾਲਾਂ ਦੇ ਘੇਰੇ ਵਿਚ

### ਸੁਖਵਿੰਦਰ ਸਿੰਘ ਚੋਹਲਾ

ਕੈਨੇਡੀਅਨ ਸਿਆਸਤ ਅਤੇ ਪਿਛਲੀਆਂ ਦੋ ਫੈਡਰਲ ਚੋਣਾਂ ਵਿਚ ਚੀਨੀ ਦਖਲ ਅੰਦਾਜੀ ਦੇ ਰੌਲੇ ਰੱਪੇ ਨੂੰ ਲੈਕੇ ਪ੍ਰਧਾਨ ਮੰਤਰੀ ਨੇ ਇਸ ਮਾਮਲੇ ਦੀ ਜਾਂਚ ਕਰਵਾਉਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਪ੍ਰਧਾਨ ਮੰਤਰੀ ਟਰੂਡੋ ਨੇ ਬਾਕਾਇਦਾ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਹੈ ਕਿ ਸੰਸਦ ਮੈਂਬਰਾਂ ਦੀ ਕੌਮੀ ਸੁਰੱਖਿਆ ਬਾਰੇ ਇੰਟੈਲੀਜੈਂਸ ਕਮੇਟੀ 2019 ਅਤੇ 2021 ਦੀਆਂ ਫੈਡਰਲ ਚੋਣਾਂ ਵਿਚ ਚੀਨ ਦੀ ਦਖਲਅੰਦਾਜ਼ੀ ਦਾ ਅਧਿਐਨ ਕਰੇਗੀ ਅਤੇ ਇਹ ਕਮੇਟੀ ਰਿਪੋਰਟ ਸਿੱਧੀ ਉਨ੍ਹਾਂ ਦੇ ਦਫ਼ਤਰ ਨੂੰ ਸੌਂਪੇਗੀ ? ਇਸੇ ਦੌਰਾਨ ਉਹਨਾਂ ਨੇ ਸਾਬਕਾ ਗਵਰਨਰ ਜਨਰਲ ਡੇਵਿਡ ਜੌਹਨਸਟਨ ਨੂੰ ਇਸ ਸਮੁੱਚੀ ਜਾਂਚ ਦਾ ਨਿਗਰਾਨ ਵੀ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਵਲੋਂ ਇਸ ਮਾਮਲੇ ਦੀ ਸੰਸਦੀ ਕਮੇਟੀ ਦੁਆਰਾ ਜਾਂਚ ਕਰਵਾਏ ਜਾਣ ਨੂੰ ਭਾਵੇਂ ਵਿਰੋਧੀ ਧਿਰ ਦੇ ਆਗੂ ਪੀਅਰ ਪੋਲੀਵਰ ਨੇ ਗੋਂਗਲੂਆਂ ਤੋ ਮਿੱਟੀ ਝਾੜਨਾ ਕਿਹਾ ਹੈ ਪਰ ਪ੍ਰਧਾਨ ਮੰਤਰੀ ਵਲੋਂ ਜਾਂਚ ਕਰਵਾਉਣ ਦੇ ਐਲਾਨ ਤੋ ਇਹ ਤਾਂ ਸਪੱਸ਼ਟ ਹੈ ਕਿ ਉਹਨਾਂ ਨੇ ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਦਖਲਅੰਦਾਜੀ ਦੇ ਦੋਸ਼ਾਂ ਨੂੰ ਸਵੀਕਾਰ ਲਿਆ ਹੈ। ਇਸਤੋ ਪਹਿਲਾਂ ਉਹ ਇਸ ਮਾਮਲੇ ਨੂੰ ਅਣਸੁਣਿਆ ਕਰਦੇ ਆਏ ਹਨ। ਉਹਨਾਂ ਨੇ ਇਸ ਮਾਮਲੇ ਨੂੰ ਨਸਲਵਾਦ ਨਾਲ ਵੀ ਜੋੜਕੇ ਵੇਖੇ ਜਾਣ ਕਾਰਣ ਟਾਲਾ ਵੱਟਣ ਦੀ ਕੋਸ਼ਿਸ਼ ਕੀਤੀ ਸੀ। ਜਿਕਰਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਕੈਨੇਡੀਅਨ ਸੁਰੱਖਿਆ ਤੇ ਖੁਫੀਆਂ ਏਜੰਸੀ ( ਸੀਸਸ) ਅਕਸਰ ਸਰਕਾਰ ਨੂੰ ਚੀਨੀ ਦਖਲ ਤੋ ਚੌਕਸ ਕਰਦੀ ਰਹੀ ਹੈ। ਸੂਤਰਾਂ ਮੁਤਾਬਿਕ ਖੁਫੀਆ ਏਜੰਸੀ ਨੇ ਓਨਟਾਰੀਓ ਵਿਚ ਇਕ ਚੀਨੀ ਮੂਲ ਦੇ ਆਗੂ ਨੂੰ ਲਿਬਰਲ ਉਮੀਦਵਾਰ ਬਣਾਏ ਜਾਣ ਦੇ ਵਿਰੁੱਧ ਵੀ ਲਿਬਰਲ ਪਾਰਟੀ ਨੂੰ ਚੌਕਸ ਕੀਤਾ ਸੀ।ਪਰ ਇਸਦੇ ਜਵਾਬ ਵਿਚ ਪ੍ਰਧਾਨ ਮੰਤਰੀ ਟਰੂਡੋ ਦਾ ਜਵਾਬ ਸੀ ਕਿ ਕਿਸੇ ਖੁਫੀਆ ਏਜੰਸੀ ਨੂੰ ਕੋਈ ਹੱਕ ਨਹੀ ਕਿ ਉਹ ਕਿਸੇ ਸਿਆਸੀ ਪਾਰਟੀ ਨੂੰ ਅਜਿਹੀ ਨਸੀਹਤ ਕਰੇ। ਓਨਟਾਰੀਓ ਵਿਚ ਲਿਬਰਲ ਐਮ ਪੀ ਹੈਨ ਡੌਂਗ ਦੀ ਚੀਨੀ ਕਮਿਊਨਿਸਟ ਪਾਰਟੀ ਦੁਆਰਾ ਸਿੱਧੀ ਮਦਦ ਕੀਤੇ ਜਾਣ ਦੀਆਂ ਖਬਰਾਂ ਸਾਹਮਣੇ ਆਈਆਂ ਸਨ।

ਪਰ ਹੁਣ ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਉਪਰੰਤ ਪ੍ਰਧਾਨ ਮੰਤਰੀ ਟਰੂਡੋ ਨੇ ਕੈਨੇਡੀਅਨ ਚੋਣਾਂ ਵਿੱਚ ਚੀਨ ਦੁਆਰਾ ਦਖਲਅੰਦਾਜ਼ੀ ਦੀਆਂ ਕੋਸ਼ਿਸ਼ਾਂ ਨੂੰ ਸਵੀਕਾਰ ਕਰ ਲਿਆ ਹੈ। ਉਹਨਾਂ ਇਸ ਸਬੰਧੀ ਜਾਂਚ ਦਾ ਐਲਾਨ ਕਰਦਿਆਂ ਇਹ ਵੀ ਕਿਹਾ ਹੈ ਕਿ ਭਾਵੇਂਕਿ ਇਹ ਖੁਫੀਆ ਰਿਪੋਰਟਾਂ ਸਾਹਮਣੇ ਆਈਆਂ ਹਨ ਕਿ ਚੀਨ ਤੋਂ ਇਲਾਵਾ ਈਰਾਨ ਅਤੇ ਰੂਸ ਵਰਗੇ ਮੁਲਕ ਕੈਨੇਡੀਅਨ ਸਿਆਸਤ ਅਤੇ ਹੋਰ ਸੰਸਥਾਵਾਂ ਵਿਚ ਦਖਲ ਅੰਦਾਜੀ ਕਰਦਿਆਂ ਨੀਤੀਗਤ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਦੇ ਕੋਸ਼ਿਸ਼ ਕਰਦੇ ਆ ਰਹੇ ਹਨ ਪਰ ਇਹ ਮੰਨਣਾ ਮੁਸ਼ਕਲ ਹੈ ਕਿ ਉਹਨਾਂ ਦੇ ਇਸ ਦਖਲ ਨਾਲ ਕਦੇ ਚੋਣ ਨਤੀਜੇ ਪ੍ਰਭਾਵਿਤ ਹੋਏ ਹਨ। ਉਹਨਾਂ ਦਾ ਸਪੱਸ਼ਟ ਕਹਿਣਾ ਹੈ ਕਿ ਸਾਰੇ ਸਿਆਸੀ ਆਗੂ ਇਸ ਗੱਲ ਨਾਲ ਇਕਮੱਤ ਹਨ ਕਿ 2019 ਅਤੇ 2021 ਵਿੱਚ ਚੋਣ ਨਤੀਜੇ ਵਿਦੇਸ਼ੀ ਦਖਲਅੰਦਾਜ਼ੀ ਕਾਰਣ ਪ੍ਰਭਾਵਿਤ ਨਹੀਂ ਹੋਏ। ਪਰ ਕੋਈ ਵੀ ਇਸ ਗੱਲੋ ਇਨਕਾਰ ਨਹੀ ਕਿ ਵਿਦੇਸ਼ੀ ਦਖਲਅੰਦਾਜ਼ੀ ਦਾ ਮਾਮਲਾ, ਗੰਭੀਰ ਤੇ ਪਰੇਸ਼ਾਨ ਕਰਨ ਵਾਲਾ ਹੈ।



ਉਧਰ ਕੰਸਰਵੇਟਿਵ ਪਾਰਟੀ ਆਗੂ ਇਹ ਸਪੱਸ਼ਟ ਦੋਸ਼ ਲਗਾ ਚੁੱਕੇ ਹਨ ਕਿ ਪਿਛਲੀਆਂ 2021 ਦੀਆਂ ਚੋਣਾਂ ਦੌਰਾਨ ਚੀਨੀ ਦਖਲ ਅੰਦਾਜੀ ਕਾਰਣ ਉਹਨਾਂ ਦੀ ਪਾਰਟੀ ਨੂੰ ਘੱਟੋ ਘੱਟ 9 ਸੀਟਾਂ ਉਪਰ ਨੁਕਸਾਨ ਝੱਲਣਾ ਪਿਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਚੀਨੀ ਕਮਿਊਨਿਸਟ ਪਾਰਟੀ ਕੰਸਰਵੇਟਿਵ ਦੇ ਮੁਕਾਬਲੇ ਲਿਬਰਲ ਪਾਰਟੀ ਨੂੰ ਚੀਨੀ ਹਿੱਤਾਂ ਲਈ ਬੇਹਤਰ ਸਮਝਦੀ ਹੈ। ਸ਼ਾਇਦ ਇਸੇ ਲਈ ਉਹਨਾਂ ਨੇ ਕੈਨੇਡਾ ਵਿਚ ਚੀਨੀ ਮੂਲ ਦੇ ਧਨਾਢ ਵਿਅਕਤੀਆਂ ਨੂੰ ਲਿਬਰਲ ਪਾਰਟੀ ਦੀ ਮਦਦ ਕਰਨ ਦੀ ਹਦਾਇਤ ਕੀਤੀ ਸੀ। ਇਹ ਵੀ ਕਿ ਚੀਨ ਸਰਕਾਰ ਦੇ ਇਸ਼ਾਰੇ ਉਪਰ ਹੀ ਜਸਟਿਨ ਟਰੂਡੋ ਦੀ ਪਾਰਟੀ ਆਗੂ ਦੀ ਚੋਣ ਸਮੇਂ ਉਹਨਾਂ ਲਈ ਇਕ ਮਿਲੀਅਨ ਡਾਲਰ ਦੀ ਡੋਨੇਸ਼ਨ ਦਾ ਪ੍ਰਬੰਧ ਕੀਤਾ ਗਿਆ ਸੀ। ਇਸੇ ਦੇ ਚਲਦਿਆਂ ਹੀ ਸੀਨੀਅਰ ਟਰੂਡੋ ਦੇ ਨਾਮ ਉਪਰ ਟਰੂਡੋ ਫਾਉਂਡੇਸ਼ਨ ਨੂੰ 2 ਲੱਖ ਡਾਲਰ ਦੀ ਡੋਨੇਸ਼ਨ ਦਿੱਤੀ ਗਈ। ਬਾਦ ਵਿਚ ਟਰੂਡੋ ਫਾਉਂਡੇਸ਼ਨ ਦੇ ਮੈਨੇਜਰ ਨੂੰ ਇਹ ਸਪੱਸ਼ਟ ਕਰਨਾ ਪਿਆ ਕਿ ਉਹਨਾਂ ਦੀ ਫਾਉਂਡੇਸ਼ਨ ਨੇ 2 ਲੱਖ ਡਾਲਰ ਦੀ ਇਹ ਡੋਨੇਸ਼ਨ ਵਾਪਿਸ ਕਰ ਦਿੱਤੀ ਸੀ ਕਿਉਂਕਿ ਕੈਨੇਡੀਅਨ ਕਨੂੰਨ ਮੁਤਾਬਿਕ ਵਿਦੇਸ਼ੀ ਸਪਾਂਸਰ ਤੋਂ ਕੋਈ ਵੀ ਡੋਨੇਸ਼ਨ ਸਵੀਕਾਰ ਨਹੀ ਕੀਤੀ ਜਾ ਸਕਦੀ।

ਜਿਕਰਯੋਗ ਹੈ ਕਿ ਪ੍ਰਸਿਧ ਕੌਮੀ ਅਖਬਾਰ ਗਲੋਬ ਐਂਡ ਮੇਲ ਵਲੋਂ ਛਾਪੀ ਗਈ ਇਕ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਸੀ ਕਿ ਚੀਨ ਨੇ 2021 ਦੀਆਂ ਚੋਣਾਂ ਵਿੱਚ ਟਰੂਡੋ ਦੀ ਅਗਵਾਈ ਵਾਲੇ ਲਿਬਰਲ ਉਮੀਦਵਾਰਾਂ ਨੂੰ ਦੁਬਾਰਾ ਚੁਣੇ ਜਾਣ ਅਤੇ ਚੀਨ ਲਈ ਗੈਰ-ਦੋਸਤਾਨਾ ਸਮਝੇ ਜਾਂਦੇ ਕੰਸਰਵੇਟਿਵ ਉਮੀਦਵਾਰਾਂ ਨੂੰ ਹਰਾਉਣ ਦੀ ਮੁਹਿੰਮ ਚਲਾਈ ਸੀ । ਇਸ ਰਿਪੋਰਟ ਉਪਰੰਤ ਵਿਰੋਧੀ ਪਾਰਟੀਆਂ ਨੇ ਇਸਦੀ ਜਨਤਕ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਸੀ।

ਜਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਟਰੂਡੋ ਨੇ ਪਿਛਲੇ ਸਾਲ ਨਵੰਬਰ ਮਹੀਨੇ ਵਿੱਚ ਇੰਡੋਨੇਸ਼ੀਆ ਵਿੱਚ ਜੀ 20 ਦੀ ਮੀਟਿੰਗ ਦੌਰਾਨ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਕੈਨੇਡੀਅਨ ਸਿਆਸਤ ਵਿਚ ਕਥਿਤ ਚੀਨੀ ਦਖਲਅੰਦਾਜੀ ਉਪਰ ਚਿੰਤਾ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਇਸ ਦੌਰਾਨ ਚੀਨੀ ਰਾਸ਼ਟਰਪਤੀ ਨੇ ਉਹਨਾਂ ਨੂੰ ਬੁਰੀ ਤਰਾਂ ਅਣਗੌਲਿਆ ਕਰਨ ਦਾ ਯਤਨ ਕੀਤਾ ਸੀ।

ਕੈਨੇਡੀਅਨ ਮਾਮਲਿਆਂ ਵਿੱਚ ਚੀਨੀ ਦਖਲ ਦੀਆਂ ਖਬਰਾਂ ਅਤੇ ਹੁਣ ਪ੍ਰਧਾਨ ਮੰਤਰੀ ਟਰੂਡੋ ਵਲੋਂ ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਦੇਣ ਨਾਲ ਦੋਵਾਂ ਮੁਲਕਾਂ ਵਿਚਾਲੇ ਤਣਾਅਪੂਰਨ ਕੂਟਨੀਤਕ ਸਬੰਧਾਂ ਦੀ ਇੱਕ ਹੋਰ ਪਰਤ ਜੁੜ ਗਈ ਹੈ।

ਜਿਕਰਯੋਗ ਹੈ ਕਿ 2018 ਦੇ ਅਖੀਰ ਵਿੱਚ ਦੋਵਾਂ ਮੁਲਕਾਂ ਦੇ ਸਬੰਧ ਉਸ ਸਮੇਂ ਤਣਾਅਪੂਰਣ ਬਣ ਗਏ ਸਨ ਜਦੋਂ ਅਮਰੀਕਾ ਦੇ ਕਹਿਣ ਤੇ ਕੈਨੇਡੀਅਨ ਪੁਲਿਸ ਨੇ ਵਾਵੇ ਦੀ ਮੁੱਖ ਵਿੱਤੀ ਅਧਿਕਾਰੀ ਅਤੇ ਕੰਪਨੀ ਦੇ ਮਾਲਕ ਦੀ ਧੀ ਮੇਂਗ ਵੈਂਜੋ ਨੂੰ ਵੈਨਕੂਵਰ ਏਅਰਪੋਰਟ ਤੋ ਹਿਰਾਸਤ ਵਿੱਚ ਲੈ ਲਿਆ ਸੀ। ਇਸਦੇ ਬਦਲੇ ਵਜੋਂ ਚੀਨ ਨੇ ਜਾਸੂਸੀ ਦੇ ਦੋਸ਼ਾਂ ਵਿੱਚ ਦੋ ਕੈਨੇਡੀਅਨ ਡਿਪਲੋਮੈਂਟਾਂ ਨੂੰ ਗ੍ਰਿਫਤਾਰ ਕਰ ਲਿਆ ਸੀ । ਬਾਦ ਵਿਚ 2021 ਵਿਚ ਇਕ ਗੁਪਤ ਸਮਝੌਤਾ ਹੋਣ ਉਪਰੰਤ ਕੈਨੇਡਾ ਨੇ ਬਿਨਾਂ ਸ਼ਰਤ ਵੈਨਜੋ ਨੂੰ ਰਿਹਾਅ ਕਰ ਦਿੱਤਾ ਤੇ ਚੀਨ ਨੇ ਵੀ ਦੋਵੇਂ ਡਿਪਲੋਮੈਟ ਰਾਤੋ ਰਾਤ ਕੈਨੇਡਾ ਲਈ ਤੋਰ ਦਿੱਤੇ ਸਨ।

ਬਿਨਾਂ ਸ਼ੱਕ ਕੈਨੇਡੀਅਨ ਸਿਆਸਤ ਵਿਚ ਚੀਨੀ ਦਖਲਅੰਦਾਜੀ ਨੂੰ ਸਵੀਕਾਰ ਕਰਦਿਆਂ ਪ੍ਰਧਾਨ ਮੰਤਰੀ ਨੇ ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਦੇ ਦਿੱਤੇ ਹਨ ਪਰ ਵਿਰੋਧੀ ਪਾਰਟੀਆਂ ਲਈ ਇਹ ਮੁੱਦਾ ਟਰੂਡੋ ਤੇ ਉਹਨਾਂ ਦੀ ਪਾਰਟੀ ਨੂੰ ਘੇਰਨ ਲਈ ਠੋਸ ਸਬੂਤਾਂ ਸਮੇਤ ਪੇਸ਼ ਪੇਸ਼ ਰਹਿ ਸਕਦਾ ਹੈ। ਚੋਣਾਂ ਵਿਚ ਚੀਨੀ ਦਖਲ ਕਾਰਣ ਕੰਸਰਵੇਟਿਵ ਪਾਰਟੀ ਨੂੰ ਪੁੱਜੇ ਨੁਕਸਾਨ ਦੇ ਨਾਲ ਲਿਬਰਲ ਪਾਰਟੀ ਅਤੇ ਟਰੂਡੋ ਫਾਊਂਡੇਸ਼ਨ ਲਈ ਚੀਨੀ ਡੋਨੇਸ਼ਨ ਤੇ ਫਿਰ ਇਹ ਡੋਨੇਸ਼ਨ ਵਾਪਿਸ ਕੀਤੇ ਜਾਣ ਦੇ ਸਵਾਲ ਅਜਿਹੇ ਹਨ, ਜਿਹਨਾਂ ਤੋ ਪਿੱਛਾ ਛੁਡਾਉਣਾ ਆਸਾਨ ਨਹੀਂ ਹੋਵੇਗਾ। ਵਿਰੋਧੀ ਪਾਰਟੀਆਂ ਵਲੋਂ ਇਸ ਜਾਂਚ ਨੂੰ ਸੰਸਦੀ ਘੇਰੇ ਤੋ ਵਧਾਕੇ ਜਨਤਕ ਜਾਂਚ ਦੇ ਦਾਇਰੇ ਵਿਚ ਲਿਆਉਣ ਦੀ ਮੰਗ ਵੀ ਜੋਰ ਫੜ ਸਕਦੀ ਹੈ।

VICTORIA, DUNCAN REP.
JAGMOHAN SINGH
250-701-1025



VANCOUVER REP.
SANDEEP SINGH DHANJU
778-926-9778

WINNIPEG REP.



HARKAMAL SINGH SAGGI
204-997-6144



NARESH SHARMA
204-955-8396

DESH PARDES TIMES.
(Punjabi Newspaper)
Editor/Publisher- Sukhwinder Singh
Place of Publication- Vancouver (B.C)
HEAD OFFICE ADDRESS
119B-7536-130 ST., SURREY BC V3W 1H8
Email :desvancouver@gmail.com, sschohla@gmail.com
PHONE : 778-772-1994



CALGARY REP.
KAMALJIT BUTTAR
403-708-5465



INDIA REP.
ANUPINDER SINGH
+91-95016-60036

ATTENTION FOR READERS Desh Pardes Times and people associated with it are not responsible for any claims made by the advertisers and do not endorse any product or services advertised in the Desh Pardes Times. Please consult your lawyer before buying/hiring/contracting through the ads. published in this newspaper. Desh Pardes Times is in the business of selling space and the claims made by the advertisements are not tested/confirmed by an independent source. The opinions expressed in the articles and columns are those of the writers, editor or any other staff member of Des Pardes Times assumes no responsibility of any kind.



# ਪਿਕਸ ਦਾ ਸਮਾਜਿਕ ਖੇਤਰ ਵਿਚ ਯੋਗਦਾਨ ਵਿਲੱਖਣ-ਪਦਮਸ੍ਰੀ ਪ੍ਰਗਟ ਸਿੰਘ





[ਸ.ਫਾ 1 ਦੀ ਬਾਕੀ]

ਕਮਿਊਨਿਟੀ ਤੇ ਸਰਕਾਰ ਦੇ ਸਹਿਯੋਗ ਨਾਲ ਬਜ਼ੁਰਗਾਂ ਦੀ ਸਾਂਭ ਸੰਭਾਲ ਲਈ ਇਸ ਵੱਡੇ ਪ੍ਰਾਜੈਕਟ ਦਾ ਜਲਦ ਹੀ ਨਿਰਮਾਣ ਸ਼ੁਰੂ ਕੀਤਾ ਜਾ ਰਿਹਾ ਹੈ। ਉਹਨਾਂ ਪਿਕਸ ਦੇ ਤਜੁਰਬੇਕਾਰ ਸਟਾਫ ਦੁਆਰਾ ਨਵੇਂ ਇਮੀਗ੍ਰਾਂਟਸ ਦੀ ਸਹਾਇਤਾ ਲਈ ਚਲਾਏ ਜਾ ਰਹੇ ਪ੍ਰੋਗਰਾਮਾਂ ਤੋਂ ਇਲਾਵਾ ਰੋਜ਼ਗਾਰ ਦੀ ਭਾਲ ਵਿਚ ਸਹਾਇਤਾ ਅਤੇ ਉਹਨਾਂ ਨੂੰ ਟਰੇਡ ਵਿਚ ਮੁਹਾਰਤ ਵਾਸਤੇ ਸਿਖਲਾਈ ਦਿੱਤੇ ਜਾਣ ਅਤੇ ਸਰਕਾਰ ਵਲੋਂ ਮਾਈਕ ਸਹਾਇਤਾ ਦਿੱਤੇ ਜਾਣ ਬਾਰੇ ਵੀ ਜਾਣਕਾਰੀ ਦਿੱਤੀ। ਉਹਨਾਂ ਹੋਰ ਦੱਸਿਆ ਕਿ ਪਿਕਸ ਦੁਆਰਾ ਪ੍ਰੋਫੈਸ਼ਨਲ ਲੋਕਾਂ ਜਿਵੇਂ ਡਾਕਟਰ ਅਤੇ ਨਰਸਾਂ ਦੇ ਕਰੀਡੈਂਸ਼ੀਅਲ ਦੀ ਮਾਨਤਾ ਦਿਵਾਉਣ ਲਈ ਵੀ ਸਹਾਇਤਾ ਦਿੱਤੀ ਜਾਂਦੀ ਹੈ। ਪਿਕਸ ਦੀ ਮੀਡੀਆ ਅਫਸਰ ਗਗਨਦੀਪ ਬੱਲ ਨੇ ਸ ਪ੍ਰਗਟ ਸਿੰਘ ਦਾ ਪਿਕਸ ਵਿਚ ਕਾਰਜਸ਼ੀਲ ਵੱਖ ਵੱਖ ਵਿਭਾਗਾਂ ਦਾ ਟੂਰ ਕਰਵਾਇਆ ਗਿਆ ਤੇ ਸਟਾਫ ਨਾਲ ਜਾਣ ਪਹਿਚਾਣ ਕਰਵਾਈ। ਇਸ ਉਪਰੰਤ ਬਜ਼ੁਰਗਾਂ ਦੀ ਸਾਂਭ ਸੰਭਾਲ ਲਈ ਚਲਾਏ ਜਾ ਰਹੇ ਸੈਂਟਰ ਦਾ ਦੌਰਾ ਕੀਤਾ ਗਿਆ ਜਿਥੇ ਡਾਇਰੈਕਟਰ ਇੰਦਰਜੀਤ ਸਿੰਘ ਹੁੰਦਲ ਨੇ ਉਹਨਾਂ ਦਾ ਸਵਾਗਤ ਕੀਤਾ। ਸ ਪ੍ਰਗਟ ਸਿੰਘ ਨੇ ਪਿਕਸ ਵਲੋਂ ਕੀਤੇ ਜਾ ਰਹੇ ਕਾਰਜਾਂ ਤੋ ਪ੍ਰਭਾਵਿਤ ਹੁੰਦਿਆਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਭਾਈਚਾਰੇ ਦੀ ਅਗਵਾਈ ਤੇ ਸ਼ਮੂਲੀਅਤ ਵਾਲੀ ਇਕ ਸੁਸਾਇਟੀ ਵਲੋਂ ਅਜਿਹੇ ਕਾਰਜ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਉਹ ਦੁਨੀਆ ਦੇ ਬਹੁਤ ਮੁਲਕਾਂ ਵਿਚ ਘੁੰਮੇ ਹਨ ਪਰ ਸਮਾਜਿਕ ਖੇਤਰ ਵਿਚ ਪਿਕਸ ਦਾ ਯੋਗਦਾਨ ਨਿਵੇਕਲਾ ਹੈ। ਉਹਨਾਂ ਪਿਕਸ ਦੇ ਸਫਲ ਕਾਰਜਾਂ ਤੇ ਸਮਾਜ ਪ੍ਰਤੀ ਯੋਗਦਾਨ ਲਈ ਪਿਕਸ ਦੇ ਪ੍ਰਬੰਧਕਾਂ ਤੇ ਸਟਾਫ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਬੱਬਰ ਅਕਾਲੀ ਲਹਿਰ ਅਤੇ 23 ਮਾਰਚ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਰਧਾਂਜ਼ਲੀ ਸਮਾਰੋਹ 25 ਮਾਰਚ ਨੂੰ

ਸਰੀ (ਪਰਮਿੰਦਰ ਸਵੈਚ)-ਬੱਬਰ ਅਕਾਲੀਆਂ ਦੀ 100ਵੀਂ ਵਰ੍ਹੇ ਗੰਢ ਤੇ ਇਸ ਲਹਿਰ ਦੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਇੱਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਵਿਦਵਾਨ ਇਤਿਹਾਸ ਦੇ ਇਹਨਾਂ ਸੁਨਹਿਰੀ ਪੰਨਿਆਂ ਨੂੰ ਫਰੋਲ਼ਦੇ ਹੋਏ ਸਰੋਤਿਆਂ ਨਾਲ ਵਿਚਾਰ ਵਟਾਂਦਰੇ ਕਰਨਗੇ। ਉਥੇ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਪ੍ਰਕਾਸ਼ਿਤ ਕੀਤੀ ਗਈ ਪੁਸਤਕ 'ਬੱਬਰ ਅਕਾਲੀਆਂ ਦੀ ਅਮਰ ਗਾਥਾ' ਦਾ ਲੋਕ ਅਰਪਣ ਵੀ ਕੀਤਾ ਜਾਵੇਗਾ। ਇਸ ਪੁਸਤਕ ਵਿੱਚ ਉਹਨਾਂ ਸੂਰਬੀਰ ਦੇਸ਼ ਭਗਤ ਯੋਧਿਆਂ ਦੀ ਗਾਥਾ ਹੈ, ਜਿਨ੍ਹਾਂ ਨੇ ਨਾ ਸਿਰਫ਼ ਅੰਗਰੇਜ਼ ਬਸਤੀਵਾਦੀਆਂ ਦੇ ਪਾਲਤੂ ਮਹੰਤਾਂ ਤੋਂ ਗੁਰਦਵਾਰੇ ਮੁਕਤ ਕਰਾਉਣ ਲਈ ਘੋਲ ਲੜਿਆ ਸਗੋਂ ਮਹੰਤਾਂ ਦੇ ਰਖਵਾਲੇ ਅੰਗਰੇਜ਼ ਸਾਮਰਾਜ ਵਿਰੁੱਧ ਵੀ ਬਗ਼ਾਵਤ ਦਾ ਝੰਡਾ ਬੁਲੰਦ ਕੀਤਾ। ਗ਼ਦਰ ਪਾਰਟੀ ਦੀਆਂ ਬੇਮਿਸਾਲ ਕੁਰਬਾਨੀਆਂ ਤੋਂ ਬਾਅਦ ਉਸੇ ਸੰਘਰਸ਼ ਨੂੰ ਜਾਰੀ ਰੱਖਦੇ ਹੋਏ ਬੱਬਰਾਂ ਨੇ ਪੰਜਾਬ ਦੇ ਦੁਆਬੇ ਏਰੀਏ ਦੇ ਜ਼ਿਲਿਆਂ ਵਿੱਚ ਅੰਗਰੇਜ਼ ਸਾਮਰਾਜ ਤੇ ਉਨ੍ਹਾਂ ਦੇ ਅੱਖਾਂ ਤੇ ਕੰਨ ਸਮਝੇ ਜਾਂਦੇ ਪੇਂਡੂ ਇਲਾਕੇ ਵਿੱਚ ਵਸਦੇ ਜਸੂਸਾਂ ਤੇ ਗ਼ਦਾਰਾਂ ਨੂੰ ਵੀ ਭਾਜੜਾਂ ਪਾ ਦਿੱਤੀਆਂ। ਭਾਵੇਂ ਅੰਗਰੇਜ਼ ਬਸਤੀਵਾਦੀ ਆਪਣੇ ਜਾਸੂਸਾਂ ਦੀ ਮੱਦਦ ਤੇ ਬੇਤਹਾਸ਼ਾ ਤਸ਼ੱਦਦ ਨਾਲ ਇਸ ਲਹਿਰ ਨੂੰ ਦਬਾਉਣ ਵਿੱਚ ਕਾਮਯਾਬ ਹੋ ਗਏ, ਪਰ ਬੱਬਰਾਂ ਵਲੋਂ ਕੀਤੀਆਂ ਕੁਰਬਾਨੀਆਂ ਦਾ ਇਤਿਹਾਸ ਹਮੇਸ਼ਾਂ ਯਾਦ ਰੱਖਿਆ ਜਾਵੇਗਾ। 23 ਮਾਰਚ ਦੇ ਸ਼ਹੀਦਾਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਹੋਰਾਂ ਦੀ ਕੁਰਬਾਨੀ ਨੂੰ ਵੀ ਯਾਦ ਕੀਤਾ ਜਾਵੇਗਾ ਅਤੇ ਸ਼ਰਧਾਂਜ਼ਲੀਆਂ ਦਿੱਤੀਆਂ ਜਾਣਗੀਆਂ। ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਬੱਬਰ ਅਕਾਲੀ ਲਹਿਰ ਦੀ 100ਵੀਂ ਵਰ੍ਹੇ ਗੰਢ ਨੂੰ ਯਾਦ ਕਰਦਿਆਂ 25 ਮਾਰਚ. 2023 ਨੂੰ ਪ੍ਰੋਗਰੈਸਿਵ ਕਲਚਰਲ ਸੈਂਟਰ ਵਿੱਚ ਬਾਅਦ ਦੁਪਹਿਰ 2 ਵਜੇ, ਯੂਨਿਟ 126, 7536-130 ਸਟਰੀਟ ਸਰ੍ਹੀ (ਬ੍ਰਿਟਿਸ਼ ਕਲੰਬੀਆ) ਤੇ ਅਯੋਜਤ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਸਾਰੇ ਲੋਕਾਂ ਨੂੰ ਆਉਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ:-ਇਕਬਾਲ ਪੁਰੇਵਾਲ-604 720 1652.







# ਬਜਟ ਵਿਚ ਕਿਫਾਇਤੀ ਉਪਾਅ ਸ਼ਾਮਿਲ ਹੋਣਗੇ-ਜਸਟਿਨ ਟਰੂਡੋ



ਓਟਵਾ-ਐਨਡੀਪੀ ਦੇ ਨੇਤਾ ਜਗਮੀਤ ਸਿੰਘ ਵਲੋਂ ਘੱਟ ਆਮਦਨ ਵਾਲੇ ਕੈਨੇਡੀਅਨਾਂ ਲਈ ਜੀਐਸਟੀ ਛੋਟ ਬੂਸਟ ਵਿਚ ਆਰਜ਼ੀ ਤੌਰ 'ਤੇ ਵਾਧਾ ਕਰਨ ਦੀ ਮੰਗ ਪਿੱਛੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਮਹੀਨੇ ਦੇ ਬਜਟ ਵਿਚ ਰਹਿਣ ਸਹਿਣ ਦੀਆਂ ਚਿੰਤਾਵਾਂ ਨੂੰ ਘੱਟ ਕਰਨ ਦੇ ਉਦੇਸ਼ ਨਾਲ ਨਵੇਂ ਖਰਚ ਸ਼ਾਮਿਲ ਕਰਨ ਦਾ ਸੰਕੇਤ ਦਿੱਤਾ ਹੈ। ਕਲੇਰਨਵਿਲੇ ਐਨ ਐਲ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਟਰੂਡੋ ਨੂੰ ਇਹ ਪੁੱਛਿਆ ਗਿਆ ਸੀ ਕਿ ਕੀ ਬਜਟ ਵਿਚ ਜੀਐਸਟੀ ਛੋਟ ਦਾ ਵਾਧਾ ਸ਼ਾਮਿਲ ਹੋਵੇਗਾ ਜਾਂ ਨਹੀਂ। ਟਰੂਡੋ ਨੇ ਜਵਾਬ ਦਿੱਤਾ ਕਿ ਅਸੀਂ ਕਿਫਾਇਤ ਦੇ ਸਬੰਧ ਵਿਚ ਭਾਰੀ ਦਬਾਅ ਨੂੰ ਮੰਨਦੇ ਹਾਂ। ਸਾਡੇ ਬਜਟ ਵਿਚ ਅਸੀਂ ਇਸ ਤਰ੍ਹਾਂ ਦੇ ਉਪਾਅ ਪੇਸ਼ ਕਰ ਰਹੇ ਹਾਂ ਜਿਹੜੇ ਕੈਨੇਡੀਅਨਾਂ ਦੀ ਸਿੱਧੀ ਮਦਦ ਕਰਨਗੇ। ਅਫੋਰਡਅਬਿਲਟੀ ਲਈ ਉਪਾਅ ਕੀਤੇ ਜਾਣਗੇ, ਸਿਹਤ ਸੰਭਾਲ ਵਿਚ ਸੁਧਾਰ ਲਈ ਉਪਾਅ ਜਾਰੀ ਰੱਖੇ ਜਾਣਗੇ ਜਿਸ ਦੀ ਕੈਨੇਡੀਅਨਾਂ ਨੂੰ ਬਹੁਤ ਲੋੜ ਹੈ ਅਤੇ ਦੇਸ਼ ਭਰ ਵਿਚ ਕੈਨੇਡੀਅਨਾਂ ਲਈ ਵੱਡੀਆਂ ਨੌਕਰੀਆਂ ਪੈਦਾ ਕਰਨ ਵਾਲੇ ਉਪਾਅ ਜਾਰੀ ਰੱਖੇ ਜਾਣਗੇ। ਪ੍ਰਧਾਨ ਮੰਤਰੀ ਦੀਆਂ 2023 ਦੇ ਬਜਟ ਵਿਚ ਅਫੋਰਡਅਬਿਲਟੀ ਦੀ ਗੱਲ ਬਾਰੇ ਟਿੱਪਣੀਆਂ ਨੇ ਸੂਚੀ ਵਿਚ ਨਵੇਂ ਖਰਚ ਦਾ ਖੇਤਰ ਸ਼ਾਮਿਲ ਕੀਤਾ ਹੈ ਜਿਨ੍ਹਾਂ ਦਾ ਇਸ ਤੋਂ ਪਹਿਲਾਂ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਸੰਕੇਤ ਦਿੱਤਾ ਸੀ। ਫੈਡਰਲ ਸਰਕਾਰ ਨੇ ਪਿਛਲੇ ਸਾਲ ਇਕ ਵਾਰ ਦੀ ਅਦਾਇਗੀ ਰਾਹੀਂ ਜੀਐਸਟੀ ਕਰੈਡਿਟ ਨੂੰ 6 ਮਹੀਨੇ ਲਈ ਦੁੱਗਣਾ ਕਰਨ ਨੂੰ ਪ੍ਰਵਾਨਗੀ ਦਿੱਤੀ ਸੀ। ਨਵੰਬਰ ਵਿਚ ਲਾਗੂ ਕੀਤੀ ਇਹ ਆਰਜ਼ੀ ਯੋਜਨਾ ਮਈ ਵਿਚ ਖਤਮ ਹੋਣ ਵਾਲੀ ਹੈ। ਜਗਮੀਤ ਸਿੰਘ ਨੇ ਇਸ ਹਫਤੇ ਕੈਨੇਡੀਅਨ ਪ੍ਰੈਸ ਨੂੰ ਦੱਸਿਆ ਕਿ ਉਨ੍ਹਾਂ ਨੇ ਟਰੂਡੋ ਨੂੰ ਕਿਹਾ ਕਿ ਇਹ ਉਪਾਅ ਬਜਟ ਵਿਚ ਵਧਾਇਆ ਜਾਣਾ ਚਾਹੀਦਾ ਹੈ ਜਿਹੜਾ 28 ਮਾਰਚ ਨੂੰ ਪਾਰਲੀਮੈਂਟ ਵਿਚ ਪੇਸ਼ ਕੀਤਾ ਜਾਵੇਗਾ।

## ਇਮੀਗ੍ਰੇਸ਼ਨ ਮੰਤਰੀ ਵਲੋਂ ਪੋਸਟ ਗਰੇਜੂਏਸ਼ਨ ਵਰਕ ਪਰਮਿਟ ਦੀ ਮਿਆਦ ਵਧਾਉਣ ਦਾ ਐਲਾਨ

ਸ.ਫ਼ਾ 1 ਦੀ ਬਾਕੀ

ਅਤੇ ਪੀ ਆਰ ਲੈਣ ਦੇ ਚਾਹਵਾਨਾਂ ਨੂੰ ਵੱਡੀ ਰਾਹਤ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਓਪਨ ਵਰਕ ਪਰਮਿਟ ਦੀ ਐਕਸਟੈਂਸ਼ਨ ਕਿਸੇ ਵੀ ਵਿਅਕਤੀ ਲਈ ਉਪਲਬਧ ਹੋਵੇਗੀ ਜਿਸਦੀ PGWP ਦੀ ਮਿਆਦ 2023 ਵਿੱਚ ਸਮਾਪਤ ਹੋ ਜਾਂਦੀ ਹੈ। ਇਹ ਉਹਨਾਂ ਲਈ ਵੀ ਉਪਲਬਧ ਹੋਵੇਗੀ ਜਿਨ੍ਹਾਂ ਦੇ PGWP ਦੀ ਮਿਆਦ 2022 ਵਿੱਚ ਸਮਾਪਤ ਹੋ ਗਈ ਸੀ ਅਤੇ ਪਿਛਲੇ ਸਾਲ IRCC ਦੇ ਓਪਨ ਵਰਕ ਪਰਮਿਟ ਦੀ ਐਕਸਟੈਂਸ਼ਨ ਲਈ ਅਰਜ਼ੀ ਦਿੱਤੀ ਸੀ। ਲੋੜਵੰਦ ਪ੍ਰਾਰਥੀ 6 ਅਪ੍ਰੈਲ ਤੋਂ IRCC ਦੀ ਵੈੱਬਸਾਈਟ 'ਤੇ ਐਕਸਟੈਂਸ਼ਨ ਲਈ ਅਰਜ਼ੀ ਦੇ ਸਕਣਗੇ। ਜਿਹੜੇ ਲੋਕ ਅਪਲਾਈ ਕਰਦੇ ਹਨ, ਉਹਨਾਂ ਨੂੰ ਇੱਕ ਅੰਤਰਿਮ ਵਰਕ ਪਰਮਿਟ ਅਧਿਕਾਰ ਦੇ ਨਾਲ ਇੱਕ ਈਮੇਲ ਪ੍ਰਾਪਤ ਹੋਵੇਗੀ ਜੋ ਉਹ ਰੁਜ਼ਗਾਰਦਾਤਾਵਾਂ ਨੂੰ ਕੈਨੇਡਾ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨਾ ਜਾਰੀ ਰੱਖਣ ਲਈ ਦਿਖਾ ਸਕਦੇ ਹਨ। ਜਿਨ੍ਹਾਂ ਦੀ ਕਨੇਡਾ ਵਿੱਚ ਕਾਨੂੰਨੀ ਸਥਿਤੀ ਦੀ ਮਿਆਦ ਖਤਮ ਹੋ ਗਈ ਹੈ, ਉਹ ਵੀ ਆਪਣੀ ਸਥਿਤੀ ਨੂੰ ਬਹਾਲ ਕਰਨ ਲਈ ਉਸੇ ਸਮੇਂ ਅਰਜ਼ੀ ਦੇਣ ਦੇ ਯੋਗ ਹੋਣਗੇ, ਭਾਵੇਂ ਉਹਨਾਂ ਦੀ ਸਥਿਤੀ ਦੀ ਮਿਆਦ ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ (IRCC) ਦੁਆਰਾ ਪ੍ਰਦਾਨ ਕੀਤੀ 90 ਦਿਨਾਂ ਦੀ ਰਿਆਇਤ ਮਿਆਦ ਤੋਂ ਬਾਹਰ ਹੋ ਗਈ ਹੋਵੇ। ਇਸਦਾ ਮਤਲਬ ਹੈ ਕਿ ਅਜਿਹੇ ਵਿਅਕਤੀ ਆਪਣੀ ਸਥਿਤੀ ਨੂੰ ਬਹਾਲ ਕਰਨ ਦੇ ਯੋਗ ਹੋਣਗੇ ਅਤੇ ਉਸੇ ਸਮੇਂ, 6 ਅਪ੍ਰੈਲ ਦੇ ਸ਼ੁਰੂ ਵਿੱਚ ਇੱਕ ਅੰਤਰਿਮ ਓਪਨ ਵਰਕ ਪਰਮਿਟ ਅਧਿਕਾਰ ਪ੍ਰਾਪਤ ਕਰ ਸਕਣਗੇ।

## ਐਡਮਿੰਟਨ ਦੇ ਇਕ ਅਪਾਰਟਮੈਂਟ ਵਿਚ ਗੋਲੀਬਾਰੀ-ਦੋ ਪੁਲਿਸ ਅਫਸਰ ਮਾਰੇ ਗਏ


ਸ.ਫ਼ਾ 1 ਦੀ ਬਾਕੀ

ਵਿੱਚ ਬੁਲਾਇਆ ਗਿਆ ਸੀ। ਪੁਲਿਸ ਅਫਸਰ ਅਜੇ ਉਥੇ ਪੁੱਜੇ ਹੀ ਸਨ ਕਿ ਉਹਨਾਂ ਉਪਰ ਅੰਧਾਧੁੰਦ ਗੋਲੀਆਂ ਚਲਾ ਦਿੱਤੀਆਂ ਗਈਆਂ। ਉਹਨਾਂ ਨੂੰ ਸੰਭਲਣ ਦਾ ਮੌਕਾ ਵੀ ਨਹੀ ਮਿਲਿਆ। ਉਹਨਾਂ ਦੱਸਿਆ ਸਵੇਰੇ ਲਗਭਗ 12.47 ਵਜੇ, ਸਾਡੇ ਪੱਛਮੀ ਡਿਵੀਜ਼ਨ ਦੇ ਕਾਂਸਟੇਬਲ ਜੌਰਡਨ ਅਤੇ ਰਿਆਨ ਨੇ 114 ਐਵੇਨਿਊ ਅਤੇ 132 ਸਟ੍ਰੀਟ ਦੇ ਖੇਤਰ ਦੇ ਨੇੜੇ ਇੱਕ ਅਪਾਰਟਮੈਂਟ ਬਿਲਡਿੰਗ ਵਿੱਚ ਇੱਕ ਪਰਿਵਾਰਕ ਝਗੜੇ ਦੀ ਆਈ ਕਾਲ ਦਾ ਜਵਾਬ ਦਿੱਤਾ। ਪਹੁੰਚਣ 'ਤੇ, ਦੋ ਗਸ਼ਤੀ ਮੈਂਬਰ ਇਮਾਰਤ ਦੇ ਅੰਦਰ ਚਲੇ ਗਏ। ਉਹ ਸੂਟ ਦੇ ਨੇੜੇ ਪਹੁੰਚੇ, ਪਰ ਇਸ ਦੌਰਾਨ ਅੰਦਰੋਂ ਸ਼ੱਕੀ ਨੇ ਉਹਨਾਂ ਉਪਰ ਗੋਲੀਆਂ ਚਲਾ ਦਿੱਤੀਆਂ। ਉਹਨਾਂ ਨੂੰ ਆਪਣੇ ਹਥਿਆਰਾਂ ਨੂੰ ਵਰਤਣ ਦਾ ਮੌਕਾ ਨਹੀਂ ਮਿਲਿਆ। ਦੋਵਾਂ ਜ਼ਖਮੀ ਅਫਸਰਾਂ ਨੂੰ ਹਸਪਤਾਲ ਪਹੁੰਚਾਇਆ ਗਿਆ ਪਰ ਦੋਵਾਂ ਨੂੰ ਹਸਪਤਾਲ ਵਿੱਚ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ। ਪੁਲਿਸ ਚੀਫ ਨੇ ਕਿਹਾ ਕਿ ਕਾਂਸਟੇਬਲ ਜਾਰਡਨ ਅਤੇ ਰਿਆਨ ਸਾਡੇ ਐਡਮਿੰਟਨ ਪੁਲਿਸ ਪਰਿਵਾਰ ਦੇ ਵਡਮੁੱਲੇ ਮੈਂਬਰ ਸਨ ਅਤੇ ਉਹ ਸਾਡੇ ਭਾਈਚਾਰੇ ਦੀ ਸੇਵਾ ਵਿੱਚ ਹਰ ਰੋਜ਼ ਸਾਡੇ ਨਾਲ-ਨਾਲ ਕੰਮ ਕਰਦੇ ਸਨ ਅਤੇ ਮੈਂ ਤੁਹਾਨੂੰ ਇਹ ਨਹੀਂ ਦੱਸ ਸਕਦਾ ਕਿ ਉਹਨਾਂ ਦੀ ਮੌਤ ਨਾਲ ਸਾਨੂੰ ਕਿੰਨਾ ਘਾਟਾ ਪਿਆ ਹੈ। ਅਸੀਂ ਜਾਣਦੇ ਹਾਂ ਕਿ ਉਨ੍ਹਾਂ ਦਾ ਪਰਿਵਾਰ ਅਤੇ ਦੋਸਤ, ਉਨ੍ਹਾਂ ਦਾ ਐਡਮਿੰਟਨ ਪੁਲਿਸ ਪਰਿਵਾਰ ਅਤੇ ਸਾਡਾ ਪੂਰਾ ਭਾਈਚਾਰਾ ਇਸ ਘਟਨਾ ਨਾਲ ਡੂੰਘਾ ਪ੍ਰਭਾਵਤ ਹੋਵੇਗਾ ਪਰ ਸਾਨੂੰ ਸਾਰਿਆਂ ਨੂੰ ਇੱਕ ਦੂਜੇ ਨਾਲ ਖੜੇ ਹੋਣਾ ਚਾਹੀਦਾ ਹੈ। ਇਸੇ ਦੌਰਾਨ ਐਡਮਿੰਟਨ ਦੇ ਮੇਅਰ ਅਮਰਜੀਤ ਸੋਹੀ ਨੇ ਇਸ ਘਟਨਾ ਉਪਰ ਡੂੰਘਾ ਦੁਖ ਪ੍ਰਗਟ ਕਰਦਿਆਂ ਮਾਰੇ ਗਏ ਪੁਲਿਸ ਅਫਸਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਉਹਨਾਂ ਕਿਹਾ ਇਹ ਬਹੁਤ ਸਦਮੇ ਵਾਲਾ ਸਮਾਂ ਤੇ ਇਸ ਘੜੀ ਅਸੀ ਪੀੜਤ ਪਰਿਵਾਰਾਂ ਦੇ ਨਾਲ ਹਾਂ।













# ਭੀਮ ਆਰਮੀ ਇੰਡੀਆ ਦੇ ਪ੍ਰਧਾਨ ਚੰਦਰ ਸ਼ੇਖਰ ਆਜ਼ਾਦ ਦਾ ਐਨ ਆਰ ਆਈ ਭਰਾਵਾਂ ਵੱਲੋਂ ਸਨਮਾਨ

## ਕੈਨੇਡਾ, ਅਮਰੀਕਾ ਦਾ ਦੌਰਾ ਕਰਨ ਦਾ ਸੱਦਾ


ਜਲੰਧਰ-ਆਜ਼ਾਦ ਸਮਾਜਪਾਰਟੀ ਦੇ ਪ੍ਰਦਾਨ ਚੰਦਰ ਸ਼ੇਖਰ ਆਜ਼ਾਦ (ਐਡਵੋਕੇਟ) ਵਿਸ਼ੇਸ਼ ਤੌਰ 'ਤੌ ਨ. ਆਰ. ਆਈ. ਦੇ ਸੱਦੇ 'ਤੇ ਆਪਣਾ ਕੀਮੀਤ ਸਮਾਂ ਕੱਢ ਕੇ ਜਲੰਧਰ ਪੰਜਾਬ ਵਿਖੇ ਪਹੁੰਚੇ। ਜਿਸ ਵਿਚ ਉਨ੍ਹਾਂ ਨੂੰ ਨਿੱਘੀ ਜੀ ਆਇਆਂ ਪ੍ਰਮੋਟਰ ਜੱਸੀ ਬੰਗਾ ਯੂ. ਐਸ. ਏ., ਰਾਜ ਬੰਗਾ ਕੈਨੇਡਾ, ਕੇਵਲ ਬੋਲੀਨਾ ਯੂ. ਐਸ. ਏ., ਮਦਨ ਕੈਲੇ ਯੂ. ਐਸ. ਏ., ਸੇਠ ਸੱਤਪਾਲ ਚੋਪੜਾ ਯੂ. ਐਸ. ਏਯ, ਜਸਵੰਤ ਬੰਗਾ ਯੂ. ਐਸ. ਏ., ਮਲਕੀਤ ਬੰਗਾ, ਪੈਰਿਸ ਫਰਾਂਸ, ਤੇਜਾ ਵਿਰਕ ਯੂ. ਐਸ. ਏ., ਜੱਗਾ ਪਹਿਲਵਾਨ ਮਾਂਗਟ, ਕਬੱਡੀ ਪ੍ਰਮੋਟਰ ਬਲਵੀਰ ਬੈਂਸ, ਸੋਢੀ, ਦਦਰਾਜ ਕੈਨੇਡਾ,, ਡੀ. ਐਸ. ਪੀ. ਬਲਦੇਵ ਅਠਵਾਲ, ਪਰਮ ਸਰੋਆ ਕੈਨੇਡਾ, ਦਿਨੇਸ਼ ਸਾਂਪਲਾ ਯੂ. ਐਸ. ਏ., ਰੋਹਿਤ ਰੰਧਾਵਾ ਅਤੇ ਪਾਰਟੀ ਮੈਂਬਰਾਂ ਨੇ ਕੀਤਾ। ਜੱਸੀ ਬੰਗਾ ਨੇ ਪ੍ਰਧਾਨ ਚੰਦਰ ਸ਼ੇਖਰ ਆਜ਼ਾਦ ਨਾਲ ਭਾਰਤ ਦੇ ਸੰਵਿਧਾਨ ਦਾਤਾ ਡਾ. ਬੀ. ਆਰ. ਅੰਬੇਡਕਰ ਦੇ ਦਿੱਤੇ ਸੰਵਿਧਾਨ ਦੀ ਰਾਖੀ ਅਤੇ ਪੂਰੀ ਤਰ੍ਹਾਂ ਲਾਗੂ ਕਰਵਾਉਣ ਬਾਰੇ ਅਤੇ ਬਰਾਬਰਤਾ ਦੇ ਹੱਕਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਅਤੇ ਨਾਲ ਹੀ ਰਾਜ ਬੰਗਾ ਅਤੇ ਬਾਕੀ ਮੈਂਬਰਾਂ ਨੇ ਵੀ ਗੱਲਬਾਤ ਕੀਤੀ ਅਤੇ ਗਰੀਬਾਂ ਅਤੇ ਦਲਿਤ ਸਮਾਜ 'ਤੇ ਹੋ ਰਹੇ ਅਤਿਆਚਾਰ ਅਤੇ ਬਰਾਬਰਤਾ ਦੇ ਹੱਕਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਅਤੇ ਨਾਲ ਹੀ ਨਾਲ ਯੂ. ਐਸ. ਏ. ਅਤੇ ਕੈਨੇਡਾ ਆਉਣ ਦਾ ਸੱਦਾ ਦਿੱਤਾ। ਅੰਤ ਵਿਚ ਵਿਸ਼ੇਸ਼ ਪਲੈਕ ਦੇ ਨਾਲ ਜੱਸੀ ਬੰਗਾ, ਰਾਜ ਬੰਗਾ, ਡੀ. ਐਸ. ਪੀ. ਬਲਦੇਵ ਅਠਵਾਲ, ਮਦਨ ਕੈਲੇ, ਸੱਤਪਾਲ ਚੋਪੜਾ, ਕੇਵਲ ਕ੍ਰਿਸ਼ਨ ਬੋਲੀਨਾ, ਪਰਮ ਸਰੋਆ ਅਤੇ ਬਲਵੀਰ ਬੈਂਸ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਪਾਰਟੀ ਦੇ ਲਈ ਫੰਡ ਇਕੱਠਾ ਕੀਤ ਗਿਆ ਅਤੇ ਰਾਜ ਬੰਗਾ ਅਤੇ ਜੱਸੀ ਬੰਗਾ ਵੱਲੋਂ ਆਏ ਮਹਿਮਾਨ ਦਾ ਧੰਨਵਾਦ ਕੀਤਾ ਗਿਆ।

# ਅਮਰੀਕਾ ਵਿਚ ਸਿਲੀਕਾਨ ਵੈਲੀ ਬੈਂਕ ਤੋਂ ਬਾਦ ਸਿਗਨੇਚਰ ਬੈਂਕ ਬੰਦ ਹੋਇਆ

ਨਿਊਯਾਰਕ-ਸਿਲੀਕਾਨ ਵੈਲੀ ਬੈਂਕ (ਐੱਸਵੀਬੀ) ਮਗਰੋਂ ਅਮਰੀਕਾ ਦਾ 'ਸਿਗਨੇਚਰ ਬੈਂਕ' ਮੂਧੇ ਮੂੰਹ ਹੋ ਗਿਆ ਹੈ। ਬਾਇਡਨ ਸਰਕਾਰ ਨੇ ਇਸ ਖੇਤਰੀ ਬੈਂਕ ਨੂੰ ਬੰਦ ਕਰ ਦਿੱਤਾ ਹੈ। ਅਮਰੀਕੀ ਸਦਰ ਜੋਅ ਬਾਇਡਨ ਨੇ ਮੁਲਕ ਦੇ ਬੈਂਕਿੰਗ ਪ੍ਰਬੰਧ ਵਿੱਚ ਲੋਕਾਂ ਦੇ ਭਰੋਸੇ ਨੂੰ ਕਾਇਮ ਰੱਖਣ ਲਈ ਐਲਾਨ ਕੀਤਾ ਹੈ ਕਿ ਸਿਗਨੇਚਰ ਬੈਂਕ ਦੇ ਖਾਤਾਧਾਰਕਾਂ ਨੂੰ ਐੱਸਵੀਬੀ ਦੇ ਖਾਤਾਧਾਰਕਾਂ ਨਾਲ ਕੀਤੇ ਸਮਝੌਤੇ ਵਾਂਗ ਉਨ੍ਹਾਂ ਦਾ ਸਾਰਾ ਪੈਸਾ ਮਿਲੇਗਾ। ਬਾਇਡਨ ਨੇ ਦਾਅਵਾ ਕੀਤਾ ਕਿ ਅਮਰੀਕੀ ਬੈਂਕਿੰਗ ਪ੍ਰਬੰਧ ਪੂਰੀ ਤਰ੍ਹਾਂ ਸੁਰੱਖਿਅਤ ਤੇ ਚੜ੍ਹਦੀ ਕਲਾਂ ਵਿੱਚ ਹੈ। ਅਮਰੀਕੀ ਬੈਂਕਾਂ ਦੇ ਉਪਰੋਥਲੀ ਬੰਦ ਹੋਣ ਦਾ ਅਸਰ ਏਸ਼ਿਆਈ ਤੇ ਯੂਰੋਪੀ ਬਾਜ਼ਾਰਾਂ ਵਿੱਚ ਵੀ ਨਜ਼ਰ ਆਇਆ ਹੈ, ਜੋ ਅੱਜ ਨਾਟਕੀ ਢੰਗ ਨਾਲ ਡਿੱਗ ਗਏ। ਨਿਵੇਸ਼ਕਾਂ ਦੇ ਮਨਾਂ ਵਿੱਚ ਬਣੇ ਖ਼ੌਫ਼ ਕਰਕੇ ਭਾਰਤੀ ਸ਼ੇਅਰ ਬਾਜ਼ਾਰ ਅੱਜ ਪੰਜ ਮਹੀਨਿਆਂ ਦੇ ਹੇਠਲੇ ਪੱਧਰ 'ਤੇ ਪੁੱਜ ਗਿਆ। ਬੀਐੱਸਈ ਦਾ 30 ਸ਼ੇਅਰਾਂ ਵਾਲਾ ਸੈਂਸੈਕਸ 897.28 ਨੁਕਤਿਆਂ ਦੇ ਨੁਕਸਾਨ ਨਾਲ 58,237.85 ਦੇ ਪੱਧਰ ਨੂੰ ਪੁੱਜ ਗਿਆ ਜਦੋਂਕਿ ਐੱਨਐੱਸਈ ਦੇ ਨਿਫਟੀ ਨੂੰ 258.60 ਨੁਕਤਿਆਂ ਦੀ ਮਾਰ ਪਈ। ਰਾਸ਼ਟਰਪਤੀ ਜੋਅ ਬਾਇਡਨ ਨੇ ਅਮਰੀਕੀਆਂ ਨੂੰ ਕਿਹਾ ਕਿ ਦੇਸ਼ ਦਾ ਵਿੱਤੀ ਪ੍ਰਬੰਧ ਬਿਲਕੁਲ ਸੁਰੱਖਿਅਤ ਹੈ। ਉਨ੍ਹਾਂ ਦੇਸ਼ਵਾਸੀਆਂ ਨੂੰ ਮੁਖਾਤਿਬ ਹੁੰਦਿਆਂ ਕਿਹਾ, "ਤੁਹਾਡੀ ਬੈਂਕਾਂ ਵਿੱਚ ਪਈ ਰਾਸ਼ੀ ਬਿਲਕੁਲ ਸੁਰੱਖਿਅਤ ਹੈ। ਲੋੜ ਪੈਣ 'ਤੇ ਤੁਹਾਨੂੰ ਇਹ ਪੈਸਾ ਮਿਲੇਗਾ।" ਚੇਤੇ ਰਹੇ ਕਿ ਅਮਰੀਕੀ ਰੈਗੂਲੇਟਰ ਨੂੰ ਲੰਘੇ ਸ਼ੁੱਕਰਵਾਰ ਸਿਲੀਕਾਨ ਵੈਲੀ ਬੈਂਕ ਉਦੋਂ ਬੰਦ ਕਰਨਾ ਪੈ ਗਿਆ, ਜਦੋਂ ਸਾਰੇ ਖਾਤਾਧਾਰਕ ਇਕੋ ਵੇਲੇ ਆਪਣੇ ਫੰਡ ਕਢਵਾਉਣ ਲਈ ਪੁੱਜ ਗਏ। ਅਮਰੀਕੀ ਇਤਿਹਾਸ ਵਿੱਚ ਇਹ ਦੂਜਾ ਮੌਕਾ ਹੈ ਜਦੋਂ ਕਿਸੇ ਵੱਡੇ ਬੈਂਕ ਨੂੰ ਬੰਦ ਕਰਨਾ ਪਿਆ ਹੈ। ਇਸ ਤੋਂ ਪਹਿਲਾਂ 2008 ਵਿੱਚ ਵਾਸ਼ਿੰਗਟਨ ਮਿਊਚਲ ਫੇਲ੍ਹ ਹੋ ਗਿਆ ਸੀ।




# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ



ਲਾਹੌਰ-ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਤੋਸ਼ਾਖਾਨਾ ਕੇਸ ਵਿਚ ਗ੍ਰਿਫ਼ਤਾਰ ਕਰਨ ਦੇ ਮੰਤਵ ਨਾਲ ਪੁਲੀਸ ਵੱਡੀ ਗਿਣਤੀ 'ਚ ਉਨ੍ਹਾਂ ਦੀ ਲਾਹੌਰ ਸਥਿਤ ਰਿਹਾਇਸ਼ ਉਤੇ ਪਹੁੰਚ ਗਈ। ਪੁਲੀਸ ਨੇ ਇਮਰਾਨ ਦੀ ਰਿਹਾਇਸ਼ ਨੂੰ ਘੇਰਾ ਪਾ ਲਿਆ ਤੇ ਉੱਥੇ ਉਨ੍ਹਾਂ ਦੀ ਸਾਬਕਾ ਪ੍ਰਧਾਨ ਮੰਤਰੀ ਦੇ ਸਮਰਥਕਾਂ ਨਾਲ ਝੜਪ ਵੀ ਹੋਈ। ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਆਪਣੇ ਸਮਰਥਕਾਂ ਨੂੰ ਆਪਣੇ ਹੱਕਾਂ ਲਈ ਖੜ੍ਹਨ ਦਾ ਸੱਦਾ ਦਿੱਤਾ ਹੈ। ਪੀਟੀਆਈ ਆਗੂ ਨੇ ਕਿਹਾ ਕਿ 'ਉਹ (ਇਮਰਾਨ) ਭਾਵੇਂ ਮਾਰੇ ਜਾਣ ਜਾਂ ਗ੍ਰਿਫ਼ਤਾਰ ਹੋ ਜਾਣ, ਪਾਰਟੀ ਸੰਘਰਸ਼ ਜਾਰੀ ਰੱਖੇ।' ਇਮਰਾਨ ਖਾਨ ਦੇ ਘਰ ਲਾਗੇ ਇਕੱਠੇ ਹੋਏ ਸਮਰਥਕਾਂ ਨੂੰ ਖਿੰਡਾਉਣ ਲਈ ਪੁਲੀਸ ਨੇ ਅੱਜ ਅੱਥਰੂ ਗੈਸ ਤੇ ਜਲ ਤੋਪਾਂ ਦੀ ਵਰਤੋਂ ਕੀਤੀ। ਪਾਰਟੀ ਵਰਕਰਾਂ ਨੇ ਇਸ ਦੌਰਾਨ ਪੁਲੀਸ ਵੱਲ ਪੱਥਰ ਵੀ ਸੁੱਟੇ। ਇਮਰਾਨ ਨੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਕਿਹਾ, 'ਇਹ ਲੜਾਈ ਉਹ ਉਨ੍ਹਾਂ ਲਈ ਲੜ ਰਹੇ ਹਨ, ਤੇ ਲੜਦੇ ਰਹਿਣਗੇ।' ਇਮਰਾਨ ਨੇ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ, 'ਲੋਕ ਇਨ੍ਹਾਂ ਚੋਰਾਂ ਦੀ ਗ਼ੁਲਾਮੀ ਨੂੰ ਸਵੀਕਾਰ ਨਾ ਕਰਨ।' ਇਮਰਾਨ ਵੱਲੋਂ ਸਮਰਥਕਾਂ ਨੂੰ ਦਿੱਤੇ ਸੱਦੇ ਤੋਂ ਬਾਅਦ ਪਾਕਿਸਤਾਨ ਦੇ ਕਈ ਸ਼ਹਿਰਾਂ ਵਿਚ ਰੋਸ ਮੁਜ਼ਾਹਰੇ ਸ਼ੁਰੂ ਹੋ ਗਏ ਹਨ।

## ਸਾਬਕਾ ਗਵਰਨਰ ਜਨਰਲ ਚੀਨੀ ਦਖਲ ਦੀ ਜਨਤਕ ਜਾਂਚ ਦੀ ਕਰਨਗੇ ਨਿਗਰਾਨੀ

ਟੋਰਾਂਟੋ (ਸੇਖਾ)-ਕੈਨੇਡਾ ਦੀਆਂ ਪਿਛਲੀਆਂ ਦੋ ਚੋਣਾਂ ਵਿੱਚ ਚੀਨੀ ਦਖਲਅੰਦਾਜ਼ੀ ਦੇ ਦੋਸ਼ਾਂ ਦੀ ਜਾਂਚ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਾਬਕਾ ਗਵਰਨਰ ਜਨਰਲ ਨੂੰ ਵਿਸ਼ੇਸ਼ ਜਾਂਚਕਰਤਾ ਨਿਯੁਕਤ ਕੀਤਾ ਹੈ। ਟਰੂਡੋ ਨੇ ਐਲਾਨ ਕੀਤਾ ਕਿ ਡੇਵਿਡ ਜੌਹਨਸਨ ਵਿਸ਼ੇਸ਼ ਜਾਂਚਕਰਤਾ ਦੀ ਭੂਮਿਕਾ ਨਿਭਾਉਣਗੇ। ਜੌਹਨਸਨ ਇਹ ਫੈਸਲਾ ਕਰਨਗੇ ਕਿ ਕੀ ਇਸ ਮਾਮਲੇ ਦੀ ਜਨਤਕ ਜਾਂਚ ਦੀ ਲੋੜ ਹੈ ਜਾਂ ਨਹੀਂ। ਟਰੂਡੋ ਨੇ ਕਿਹਾ ਕਿ ਉਹ ਜੌਹਨਸਨ ਦੀਆਂ ਸਿਫ਼ਾਰਸ਼ਾਂ ਦੀ ਪਾਲਣਾ ਕਰਨਗੇ।






# ਜੂਨੋ ਐਵਾਰਡਸ ਮੌਕੇ ਇਕ ਔਰਤ ਵਲੋਂ ਟੌਪਲੈੱਸ ਪ੍ਰਦਰਸ਼ਨ



ਐਡਮਿੰਟਨ-ਜੂਨੋ ਐਵਾਰਡਸ ਵਿਖੇ ਇਕ ਔਰਤ ਨੇ ਟੌਪਲੈੱਸ ਪ੍ਰਦਰਸ਼ਨ ਕੀਤਾ। ਇਸ ਪ੍ਰਦਰਸ਼ਨ ਪਿੱਛੋਂ ਅਪਰਾਧਿਕ ਦੋਸ਼ ਦਾ ਸਾਹਮਣਾ ਕਰ ਰਹੀ ਇਸ ਔਰਤ ਨੇ ਕਿਹਾ ਕਿ ਉਹ ਗਾਇਕਾ ਐਵਰਿਲ ਲੈਵਿਗਨੇ ਵਲੋਂ ਉਸ ਨੂੰ ਚੰਗਾ ਮੰਦਾ ਕਹਿਣ ਅਤੇ ਉਸ ਨੂੰ ਸਟੇਜ ਤੋਂ ਉਤਾਰਨ ਦੀ ਮੰਗ ਕਰਨ ਤੋਂ ਪ੍ਰੇਸ਼ਾਨ ਨਹੀਂ। ਕੈਨੇਡੀਅਨ ਪੌਪ-ਪੰਕ ਸਟਾਰ ਜਦੋਂ ਪੇਸ਼ਕਾਰੀ ਦੇ ਰਹੀ ਸੀ ਤਾਂ ਕੈਸੀ ਹੈਥਰਲੀ ਨਾਂਅ ਦੀ ਔਰਤ ਜੂਨੋ ਸਟੇਜ 'ਤੇ ਜਾ ਚੜ੍ਹੀ। ਮਿਸ ਹੈਥਰਲੀ ਨੇ ਟੈਲੀਫੋਨ 'ਤੇ ਇਕ ਮੁਲਾਕਾਤ ਵਿਚ ਕਿਹਾ ਕਿ ਉਹ ਸੱਚਮੁੱਚ ਆਸ ਕਰ ਰਹੀ ਸੀ ਕਿ ਐਵਰਿਲ ਅਸਟੈਬਲਿਸ਼ ਵਿਰੋਧੀ ਗੱਲ ਕਰੇਗੀ, ਉਸ ਨੂੰ ਸ਼ਾਇਦ ਮਾਈਕ ਦੇਵੇਗੀ ਅਤੇ ਮੈਨੂੰ ਮੇਰੀ ਗੱਲ ਕਹਿਣ ਦਾ ਮੌਕਾ ਦੇਵੇਗੀ। ਜੋ ਕੁਝ ਵਾਪਰਿਆ ਹੈ ਉਸ ਤੋਂ ਉਹ ਪ੍ਰੇਸ਼ਾਨ ਨਹੀਂ। ਐਵਿਰਲ ਨੂੰ ਦੱਸ ਦਿਉ ਕਿ ਮੈਂ ਪਾਗਲ ਨਹੀਂ। ਸ਼ਰਾਰਤ ਦੇ ਦੋਸ਼ ਵਿਚ ਮਿਸ ਹੈਥਰਲੀ ਨੂੰ ਐਡਮਿੰਟਨ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਵੈਨਕੂਵਰ ਵਾਸੀ 37 ਸਾਲਾ ਹੈਥਰਲੀ ਦਾ ਕਹਿਣਾ ਕਿ ਉਸ ਨੂੰ ਸਟੇਜ 'ਤੇ ਜਾਣ ਵਿਚ ਕੋਈ ਔਖ ਨਹੀਂ ਹੋਈ।

# ਅਲਬਰਟਾ ਵਿਚ ਸਾਰੀਆਂ ਪੁਲਿਸ ਸੇਵਾਵਾਂ ਲਈ ਬਾਡੀ ਕੈਮਰੇ ਲਾਜ਼ਮੀ ਕਰਨ ਦੀ ਯੋਜਨਾ

ਐਡਮਿੰਟਨ-ਅਲਬਰਟਾ ਸਰਕਾਰ ਸੂਬੇ ਵਿਚ ਸਾਰੀਆਂ ਪੁਲਿਸ ਸੇਵਾਵਾਂ ਲਈ ਬਾਡੀ ਕੈਮਰਿਆਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਹੀ ਹੈ। ਜਨਤਕ ਸੁੱਰਖਿਆ ਬਾਰੇ ਮੰਤਰੀ ਮਾਈਕ ਐਲਿਸ ਨੇ ਦੱਸਿਆ ਕਿ ਅਧਿਕਾਰੀਆਂ ਨੂੰ ਅਕਸਰ ਗੁੰਝਲਦਾਰ ਕਾਲਾਂ ਦਾ ਜਵਾਬ ਦੇਣਾ ਪੈਂਦਾ ਹੈ ਅਤੇ ਬਹੁਤ ਥੋੜ੍ਹੇ ਸਮੇਂ ਵਿਚ ਫ਼ੈਸਲੇ ਲੈਂਦੇ ਹਨ। ਇਸ ਨਾਲ ਅਫਸਰਾਂ ਦੀਆਂ ਕਾਰਵਾਈਆਂ ਬਾਰੇ ਜਨਤਾ ਵਿਚ ਚਿੰਤਾਵਾਂ ਪੈਦਾ ਹੋ ਸਕਦੀਆਂ ਹੈ ਕਿ ਕੀ ਢੁਕਵੀ ਤਾਕਤ ਦੀ ਵਰਤੋਂ ਕੀਤੀ ਗਈ ਸੀ ਜਾਂ ਨਹੀਂ। ਐਲਿਸ ਨੇ ਦੱਸਿਆ ਕਿ ਪੁਲਿਸ ਲਈ ਆਪਣੇ ਸਰੀਰ 'ਤੇ ਕੈਮਰਾ ਪਹਿਨਣ ਨੂੰ ਲਾਜ਼ਮੀ ਕਰਨਾ ਇਕ ਤਬਦੀਲੀ ਵਾਲਾ ਫ਼ੈਸਲਾ ਹੈ ਅਤੇ ਇਹ ਫ਼ੈਸਲਾ ਇਹ ਯਕੀਨੀ ਬਣਾਵੇਗਾ ਕਿ ਅਧਿਕਾਰੀਆਂ ਨਾਲ ਸਾਰੀ ਗੱਲਬਾਤ ਉਦੇਸ਼ ਪੂਰਣ ਹੋਵੇ। ਪੁਲਿਸ ਗੁੰਝਲਦਾਰ ਕਾਲਾਂ ਦਾ ਜਵਾਬ ਦਿੰਦੀ ਹੈ ਜਿਨ੍ਹਾਂ ਵਿਚ ਕਮਜ਼ੋਰ ਅਲਬਰਟਾ ਵਾਸੀ ਹਨ ਜਿਹੜੇ ਮਾਨਸਿਕ ਸਿਹਤ ਸੰਕਟ ਦਾ ਸਾਹਮਣਾ ਕਰ ਰਹੇ ਹਨ ਜਾਂ ਨਸ਼ੇ ਤੋਂ ਪੀੜਤ ਹਨ ਜਾਂ ਉਨ੍ਹਾਂ ਦੀਆਂ ਜਿੰਦਗੀਆਂ ਮੁਸ਼ਕਿਲ ਪਲਾਂ ਦਾ ਸਾਹਮਣਾ ਕਰ ਰਹੀਆਂ ਹੁੰਦੀਆਂ ਹਨ। ਉਨ੍ਹਾਂ ਦੱਸਿਆ ਕਿ ਅਲਬਰਟਾ ਬਾਡੀ 'ਤੇ ਕੈਮਰਾ ਪਹਿਨਣਾ ਲਾਜ਼ਮੀ ਕਰਨ ਵਾਲਾ ਪਹਿਲਾ ਸੂਬਾ ਹੋਵੇਗਾ।




# ਅਲਬਰਟਾ ਨੇ ਕੈਨੇਡੀਅਨਾਂ ਨੂੰ ਸੂਬੇ ਵਿਚ ਆਉਣ ਲਈ ਭਰਮਾਉਣ ਵਾਸਤੇ ਦੂਸਰੀ ਇਸ਼ਤਿਹਾਰੀ ਮੁਹਿੰਮ ਸ਼ੁਰੂ ਕੀਤੀ

ਐਡਮਿੰਟਨ-ਅਲਬਰਟਾ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਸੂਬੇ ਵਿਚ ਹਜ਼ਾਰਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਕਾਮਿਆਂ ਨੂੰ ਖਿੱਚਣ ਦੇ ਮੰਤਵ ਨਾਲ ਆਪਣਾ ਅਲਬਰਟਾ ਇਜ਼ ਕਾਲਿੰਗ ਇਸ਼ਤਿਹਾਰ ਮੁਹਿੰਮ ਦਾ ਵਿਸਥਾਰ ਕਰ ਰਹੀ ਹੈ। ਜੈਸਨ ਕੈਨੀ ਦੀ ਅਗਵਾਈ ਵਿਚ ਯੂਨਾਈਟਡ ਕੰਸਰਵੇਟਿਵ ਪਾਰਟੀ ਵਲੋਂ ਪਿਛਲੇ ਪੱਤਝੜ ਵਿਚ ਸ਼ੁਰੂ ਕੀਤੀ ਮੁਹਿੰਮ ਦਾ ਨਿਸ਼ਾਨਾ ਟੋਰਾਂਟੋ ਤੇ ਵੈਨਕੂਵਰ ਸੀ ਅਤੇ ਲੋਕਾਂ ਨੂੰ ਰਹਿਣ ਸਹਿਣ ਦੀਆਂ ਘੱਟ ਲਾਗਤਾਂ ਨਾਲ ਨੌਕਰੀਆਂ ਲਈ ਭਰਮਾਇਆ ਗਿਆ ਸੀ। ਇਸ ਵਾਰ ਅਲਬਰਟਾ ਓਨਟਾਰੀਓ ਵਿਚ ਹੈਮਿਲਟਨ, ਲੰਡਨ ਅਤੇ ਨੌਰਥ ਵੇਅ ਵਰਗੇ ਛੋਟੇ ਸ਼ਹਿਰਾਂ 'ਤੇ ਧਿਆਨ ਦੇ ਰਿਹਾ ਹੈ ਅਤੇ ਨਿਊਫਾਊਂਡਲੈਂਡ ਅਤੇ ਲੈਬਰਾਡੋਰ, ਪ੍ਰਿੰਸ ਐਡਵਾਰਡ ਆਈਲੈਂਡ, ਨਿਊ ਬਰੁੰਸਵਿਕ ਅਤੇ ਨੋਵਾ ਸਕੋਸ਼ੀਆਂ ਵਿਚ ਹੋਰ ਪੂਰਬੀ ਖੇਤਰਾਂ ਤੋਂ ਵੀ ਲੋਕਾਂ ਨੂੰ ਖਿੱਚਣ ਦੀ ਆਸ ਕਰ ਰਿਹਾ ਹੈ। ਮੁੱਖ ਨਿਸ਼ਾਨਾ ਹੁਨਰਮੰਦ ਟਰੇਡਜ਼, ਸਿਹਤ ਸੰਭਾਲ, ਮਹਿਮਾਨਨਿਵਾਜ਼ੀ ਤੇ ਤਕਨਾਲੋਜੀ ਵਾਲੇ ਕਾਮੇ ਹਨ। ਯੋਜਨਾ ਦਾ ਐਲਾਨ ਕਰਦਿਆਂ ਨੌਕਰੀਆਂ, ਆਰਥਿਕਤਾ ਅਤੇ ਨੌਰਦਰਨ ਵਿਕਾਸ ਬਾਰੇ ਮੰਤਰੀ ਬਰਾਇਨ ਜੀਨ ਨੇ ਕਿਹਾ ਕਿ ਲੋਕਾਂ ਨੂੰ ਪਤਾ ਹੈ ਕਿ ਉਹ ਟੋਰਾਂਟੋ ਵਿਚ ਨੌਕਰੀ ਪ੍ਰਾਪਤ ਕਰ ਸਕਦੇ ਹਨ ਪਰ ਕੀ ਉਹ ਟੋਰਾਂਟੋ ਵਿਚ ਰਹਿ ਸਕਦੇ ਹਨ? ਸਵਾਲ ਇਹੀ ਹੈ ਕਿ ਬਹੁਤ ਲੋਕ ਮੰਨਦੇ ਹਨ ਕਿ ਉਹ ਉਥੇ ਨਹੀਂ ਰਹਿ ਸਕਦੇ ਅਤੇ ਇਸ ਦੀ ਬਜਾਏ ਉਹ ਅਲਬਰਟਾ ਆ ਜਾਣ। ਸਟੈਟਸਟਿਕਸ ਕੈਨੇਡਾ ਮੁਤਾਬਿਕ ਪਿਛਲੇ ਸਾਲ ਦੀ ਤੀਸਰੀ ਤਿਮਾਹੀ ਵਿਚ ਕੈਨੇਡਾ ਦੇ ਵੱਖ ਵੱਖ ਇਲਾਕਿਆਂ ਤੋਂ ਲਗਪਗ 33000 ਲੋਕ ਅਲਬਰਟਾ ਆਏ ਜਦਕਿ 14000 ਜਾਂ ਇਸ ਤੋਂ ਜ਼ਿਆਦਾ ਚਲੇ ਗਏ ਜਿਸ ਨਾਲ ਸੂਬੇ ਨੂੰ 19000 ਲੋਕਾਂ ਦੀ ਪ੍ਰਾਪਤੀ ਹੋਈ। ਪਿਛਲੀ ਤਿਮਾਹੀ ਵਿਚ ਲਗਪਗ 10000 ਲੋਕਾਂ ਦਾ ਵਾਧਾ ਹੋਇਆ ਸੀ।

# ਉੱਘੇ ਫ਼ਿਲਮੀ ਤੇ ਟੀਵੀ ਕਲਾਕਾਰ ਸਮੀਰ ਖੱਖੜ ਦਾ ਦੇਹਾਂਤ

ਮੁੰਬਈ-'ਨੁੱਕੜ' ਅਤੇ 'ਸਰਕਸ' ਜਿਹੇ ਉੱਘੇ ਟੀਵੀ ਲੜੀਵਾਰਾਂ 'ਚ ਆਪਣੀਆਂ ਯਾਦਗਾਰ ਭੂਮਿਕਾਵਾਂ ਲਈ ਜਾਣੇ ਜਾਂਦੇ ਸਮੀਰ ਖੱਖੜ (71) ਦਾ ਇਥੋਂ ਦੇ ਹਸਪਤਾਲ 'ਚ ਦੇਹਾਂਤ ਹੋ ਗਿਆ। 'ਨੁੱਕੜ' 'ਚ ਖੋਪੜੀ ਦੇ ਕਿਰਦਾਰ ਲਈ ਨਿਭਾਈ ਭੂਮਿਕਾ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ। ਉਨ੍ਹਾਂ ਦਾ ਬੋਰੀਵਲੀ ਦੇ ਸ਼ਮਸ਼ਾਨਘਾਟ 'ਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੇ ਭਰਾ ਗਣੇਸ਼ ਖੱਖੜ ਨੇ ਦੱਸਿਆ ਕਿ ਸਮੀਰ ਦੇ ਕਈ ਸ਼ਰੀਰਕ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ। ਸਾਹ ਦੀ ਤਕਲੀਫ਼ ਕਾਰਨ ਉਨ੍ਹਾਂ ਨੂੰ ਮੰਗਲਵਾਰ ਸਵੇਰੇ ਬੋਰੀਵਲੀ ਦੇ ਐੱਮ ਐੱਮ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ। ਗਣੇਸ਼ ਨੇ ਦੱਸਿਆ ਕਿ ਸਮੀਰ ਨੇ ਅੱਜ ਸਵੇਰੇ ਸਾਢੇ ਚਾਰ ਵਜੇ ਦਮ ਤੋੜਿਆ। ਸਮੀਰ ਨੇ ਮਸ਼ਹੂਰ ਲੜੀਵਾਰ 'ਸ੍ਰੀਮਾਨ ਸ੍ਰੀਮਤੀ' 'ਚ ਵੀ ਕੰਮ ਕੀਤਾ ਸੀ। ਉਨ੍ਹਾਂ ਫਿਲਮਾਂ 'ਪਰਿੰਦਾ', ਸਲਮਾਨ ਖ਼ਾਨ ਦੀ 'ਜੈ ਹੋ', ਸਿਧਾਰਥ ਮਲਹੋਤਰਾ ਤੇ ਪਰਿਨੀਤੀ ਚੋਪੜਾ ਦੀ 'ਹਸੀ ਤੋਂ ਫਸੀ', ਸੁਧੀਰ ਮਿਸ਼ਰਾ ਨਿਰਦੇਸ਼ਿਤ 'ਸੀਰੀਅਸ ਮੈੱਨ' ਅਤੇ ਵਿਕਾਸ ਬਹਿਲ ਦੀ ਵੈੱਬ ਸੀਰੀਜ਼ 'ਸਨਫਲਾਵਰ' 'ਚ ਅਹਿਮ ਭੂਮਿਕਾ ਨਿਭਾਈ।



# ਐਨਡੀਪੀ ਨੇ ਕੈਨੇਡੀਅਨ ਦਾ ਪੈਸਾ ਬਚਾਉਣ ਲਈ ਲਿਬਰਲ ਸਰਕਾਰ ਨਾਲ ਕੀਤੇ ਸਮਝੌਤੇ ਦੀ ਵਰਤੋਂ ਕੀਤੀ-ਜਗਮੀਤ ਸਿੰਘ



ਓਟਵਾ-ਐਨਡੀਪੀ ਦੇ ਨੇਤਾ ਜਗਮੀਤ ਸਿੰਘ ਨੇ ਕਿਹਾ ਕਿ ਨਿਊ ਡੈਮੋਕਰੈਟਸ ਨੇ ਅਗਲੇ ਫੈਡਰਲ ਬਜਟ ਵਿਚ ਕੈਨੇਡੀਅਨਾਂ ਦਾ ਪੈਸਾ ਬਚਾਉਣ ਲਈ ਹੋਰ ਰਸਤਿਆਂ 'ਤੇ ਜ਼ੋਰ ਦੇਣ ਵਜੋਂ ਲਿਬਰਲ ਸਰਕਾਰ ਨਾਲ ਕੀਤੇ ਆਪਣੇ ਸਮਝੌਤੇ ਦੀ ਵਰਤੋਂ ਕੀਤੀ ਹੈ। ਇਸ ਮਹੀਨੇ ਦੇ ਅਖੀਰ ਵਿਚ ਜਦੋਂ ਬਜਟ ਰਿਲੀਜ਼ ਕੀਤਾ ਜਾ ਰਿਹਾ ਹੈ ਤਾਂ ਉਹ ਕਿਸ਼ੋਰਾਂ, ਬਜ਼ੁਰਗ ਲੋਕਾਂ ਅਤੇ ਅਪਾਹਜ ਲੋਕਾਂ ਲਈ ਡੈਂਟਲ ਕਵਰੇਜ ਦੇ ਵਿਸਤਾਰ ਲਈ ਹੋਰ ਡਾਲਰ ਦੇਣ ਦੀ ਆਸ ਕਰ ਰਿਹਾ ਹੈ ਜੋ ਐਨਡੀਪੀ ਦਾ ਲਿਬਰਲਜ਼ ਨਾਲ ਕੌਨਫੀਡੈਂਸ-ਐਂਡ-ਸਪਲਾਈ ਸਮਝੌਤੇ ਦਾ ਹਿੱਸਾ ਹੈ। ਇਹ ਸਭ ਤੋਂ ਵੱਡੀ ਗੱਲ ਹੈ। ਕੈਨੇਡੀਅਨ ਪ੍ਰੈਸ ਨਾਲ ਇਕ ਮੁਲਾਕਾਤ ਵਿਚ ਜਗਮੀਤ ਸਿੰਘ ਕਹਿੰਦੇ ਹਨ ਕਿ ਉਹ ਰਾਸ਼ਟਰੀ ਪ੍ਰੋਗਰਾਮ ਲਈ ਲੋੜੀਂਦੇ ਡਾਲਰਾਂ ਪ੍ਰਤੀ ਵਚਨਬੱਧਤਾ ਦੇਖਣੀ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਸਰਕਾਰ ਜੀਐਸਟੀ ਛੋਟ ਬੂਸਟ ਵਿਚ 6 ਮਹੀਨਿਆਂ ਲਈ ਵਾਧਾ ਕਰੇ ਜਿਸ ਨਾਲ ਆਰਜ਼ੀ ਤੌਰ 'ਤੇ ਲੋਕਾਂ ਨੂੰ ਮਿਲੀ ਰਕਮ ਦੁੱਗਣੀ ਹੋ ਗਈ। ਇਹ ਛੋਟ ਪੱਤਝੜ ਵਿਚ ਲਾਗੂ ਕੀਤੀ ਗਈ ਸੀ। ਲਿਬਰਲਜ਼ ਵਲੋਂ 28 ਮਾਰਚ ਨੂੰ ਅਗਲਾ ਫੈਡਰਲ ਬਜਟ ਰਿਲੀਜ਼ ਕਰਨ ਦੀ ਆਸ ਹੈ। ਉਧਰ ਵਿਰੋਧੀ ਧਿਰ ਕੰਸਰਵੇਟਿਵ ਦਾ ਕਹਿਣਾ ਕਿ ਉਹ ਚਾਹੁੰਦੇ ਹਨ ਟੈਕਸ ਘੱਟ ਕੀਤੇ ਜਾਣ, ਖਰਚਿਆਂ ਦੀ ਸੀਮਾ ਨਿਰਧਾਰਤ ਹੋਵੇ।

# ਐਕਸਪ੍ਰੈਸ ਐਂਟਰੀ-ਆਈ.ਆਰ.ਸੀ.ਸੀ. ਨੇ 490 ਦੇ ਸਕੋਰ ਦੇ ਨਾਲ ਘੱਟੋ ਘੱਟ 7000 ਉਮੀਦਵਾਰਾਂ ਨੂੰ ਦਿੱਤਾ ਸੱਦਾ

ਓਟਵਾ-ਇਮੀਗਰੇਸ਼ਨ, ਰਿਫ਼ੂਊਜ਼ੀਸ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ ਕੰਪਰੀਹੈਂਸਿਵ ਰੈਂਕਿੰਗ ਸਿਸਟਮ (ਸੀਆਰਐਸ) ਦੇ ਘੱਟੋ ਘੱਟ 490 ਦੇ ਸਕੋਰ ਵਾਲੇ 7000 ਉਮੀਦਵਾਰਾਂ ਨੂੰ ਸੱਦਾ ਪੱਤਰ ਜਾਰੀ ਕੀਤਾ ਹੈ। ਇਸ ਡਰਾਅ ਵਿਚ ਆਈਟੀਏਐਸ ਦੀ ਗਿਣਤੀ ਨੇ 18 ਜਨਵਰੀ ਨੂੰ ਆਲ-ਪ੍ਰੋਗਰਾਮ ਡਰਾਅ ਵਿਚ 5500 ਉਮੀਦਵਾਰਾਂ ਨੂੰ ਸੱਦਾ ਦੇਣ ਦੇ ਪਿਛਲੇ ਰਿਕਾਰਡ ਨੂੰ ਮਾਤ ਕਰ ਦਿੱਤਾ ਹੈ। ਆਲ-ਪ੍ਰੋਗਰਾਮ ਡਰਾਅ ਵਿਚ ਤਿੰਨ ਐਕਸਪ੍ਰੈਸ ਐਂਟਰੀ ਪ੍ਰੋਗਰਾਮਾਂ ਦੀ ਫੈਡਰਲ ਸਕਿਲਡ ਵਰਕਰ ਪ੍ਰੋਗਰਾਮ (ਐਫਐਸਡਬਲਯੂਪੀ) ਦੀ ਫੈਡਰਲ ਸਕਿਲਡ ਟਰੇਡਸ ਪ੍ਰੋਗਰਾਮ (ਐਫਐਸਟੀਪੀ) ਅਤੇ ਕੈਨੇਡੀਅਨ ਐਕਸਪੀਰੀਐਂਸ ਕਲਾਸ (ਸੀਈਸੀ) ਸ਼ਾਮਿਲ ਹੁੰਦੇ ਹਨ। ਇਹ ਡਰਾਅ ਪ੍ਰੋਗਰਾਮ ਵਿਸ਼ੇਸ਼ ਡਰਾਅ ਦੇ ਪੈਟਰਨ ਨੂੰ ਤੋੜਦਾ ਹੈ ਜਿਹੜਾ ਪਿਛਲੇ ਦੋ ਮਹੀਨਿਆਂ ਤੋਂ ਚਲ ਰਿਹਾ ਸੀ। ਪਿਛਲੇ ਆਲ-ਪ੍ਰੋਗਰਾਮ ਡਰਾਅ ਪਿੱਛੋਂ ਪ੍ਰੋਗਰਾਮ-ਸਪੈਸੀਫਿਕ ਦਾ ਸੱਦਾ ਦੇਣ ਦੇ ਚਾਰ ਪ੍ਰੋਗਰਾਮ ਹੋਏ ਹਨ ਜਿਨ੍ਹਾਂ ਵਿਚੋਂ ਤਿੰਨ ਪੀਐਨਪੀ-ਆਨਲੀ ਅਤੇ ਇਕ ਐਫਐਸਡਬਲਯੂਪੀ ਉਮੀਦਵਾਰਾਂ ਲਈ ਸੀ। ਸਭ ਤੋਂ ਤਾਜ਼ਾ ਡਰਾਅ ਪੀਐਨਪੀ-ਆਨਲੀ ਸੀ ਅਤੇ ਇਕ ਮਾਰਚ ਨੂੰ ਸਿਰਫ 697 ਉਮੀਦਵਾਰਾਂ ਨੂੰ ਸੱਦਾ ਮਿਲਿਆ ਸੀ।








# ਪਦਮਸ੍ਰੀ ਪ੍ਰਗਟ ਸਿੰਘ ਤੇ ਪਰਿਵਾਰ ਨੇ ਪੋਤਰੇ ਦਾ ਜਨਮ ਦਿਨ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਮਨਾਇਆ







ਰਿਚਮੰਡ (ਵੈਨਕੂਵਰ)-ਇਥੇ ਇੰਡੀਆ ਕਲਚਰ ਗੁਰਦੁਆਰਾ ਰਿਚਮੰਡ, ਵੈਨਕੂਵਰ ਵਿਖੇ ਸਾਬਕਾ ਮੰਤਰੀ ਪੰਜਾਬ ਤੇ ਜਲੰਧਰ ਕੈਂਟ ਤੋ ਐਮ ਐਲ ਏ, ਉਲੰਪੀਅਨ ਪਦਮਸ੍ਰੀ ਪ੍ਰਗਟ ਸਿੰਘ ਦੇ ਪੋਤਰੇ ਤੇ ਸ ਦਵਿੰਦਰ ਸਿੰਘ ਲਾਲੀ ਸੰਧੂ ਦੇ ਦੋਹਤਰੇ ਤੇਗ ਪ੍ਰਗਟ ਸਿੰਘ ਸਪੁੱਤਰ ਤਾਜ ਪ੍ਰਗਟ ਸਿੰਘ ਦਾ ਪਹਿਲਾ ਜਨਮ ਦਿਨ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਮਨਾਇਆ ਗਿਆ। ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਤੇ ਰਾਗੀ ਸਿੰਘਾਂ ਨੇ ਰਸਭਿੰਨਾ ਕੀਰਤਨ ਕੀਤਾ। ਬੱਚੇ ਤੇਗ ਦੀ ਲੰਬੀ ਆਯੂ, ਤੰਦਰੁਸਤੀ ਤੇ ਪਰਿਵਾਰ ਦੀ ਚੜਦੀਕਲਾ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸ ਪ੍ਰਗਟ ਸਿੰਘ ਨੇ ਆਏ ਮਹਿਮਾਨਾਂ , ਰਿਸ਼ਤੇਦਾਰਾਂ ਤੇ ਸੱਜਣਾਂ ਮਿੱਤਰਾਂ ਦਾ ਧੰਵਾਦ ਕੀਤਾ ਜਿਹਨਾਂ ਨੇ ਆਪਣੇ ਕੀਮਤੀ ਸਮੇਂ ਚੋ ਸਮਾਂ ਕੱਢਕੇ ਉਹਨਾਂ ਦੇ ਪੋਤਰੇ ਦੇ ਜਨਮ ਦਿਨ ਦੀ ਖ਼ੁਸ਼ੀ ਵਿਚ ਸ਼ਾਮਿਲ ਹੁੰਦਿਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਵੱਡੀ ਗਿਣਤੀ ਵਿਚ ਸ਼ਾਮਿਲ ਮਹਿਮਾਨਾਂ ਵਿਚ ਪ੍ਰਮੁੱਖ ਹਸਤੀਆਂ ਵਿਚ ਬੀਸੀ ਦੇ ਸਪੀਕਰ ਰਾਜ ਚੌਹਾਨ, ਕੈਬਨਿਟ ਮੰਤਰੀ ਹੈਰੀ ਬੈਂਸ, ਲਿਬਰਲ ਐਮ ਪੀ ਸੁੱਖ ਧਾਲੀਵਾਲ, ਸਾਬਕਾ ਐਮ ਪੀ ਜਤੀ ਸਿੱਧੂ, ਸਾਬਕਾ ਐਮ ਪੀ ਜਸਬੀਰ ਸੰਧੂ, ਇੰਡੀਆ ਕੌਂਸਲ ਰਾਹੁਲ ਨੇਗੀ, ਉਘੇ ਬਿਜਨੈਸਮੈਨ ਦਲਜੀਤ ਥਿੰਦ, ਟੋਨੀ ਫਰੂਟੀਕੈਨਾ. ਬਲਦੇਵ ਸਿੰਘ ਬਾਠ ਬਸੰਤ ਮੋਟਰਜ, ਤਰਸੇਮ ਸਿੰਘ ਬੈਂਸ, ਜਗਜੀਤ ਸਿੰਘ ਤੂਰ, ਸੁਖਦੇਵ ਸਿੰਘ ਨਾਹਲ, ਸਾਬੀ ਖਹਿਰਾ, ਕੁਲਵੰਤ ਸਿੰਘ ਢੇਸੀ, ਬੌਬ ਚੀਮਾ, ਸੁੱਖ ਪੰਧੇਰ, ਰੂਪ ਢਿੱਲੋਂ, ਪਰਮਜੀਤ ਪਿੰਟਾ, ਪਰਮਜੀਤ ਲਾਖਾ, ਡਾ ਸੰਜੀਵ, ਡਾ ਸੁੱਖ ਕਾਹਲੋਂ, ਡਾ ਜੰਡੀ, ਹੈਰੀ ਕੂਨਰ, ਐਡਵੋਕੇਟ ਸੁਮਨਦੀਪ ਸਿੰਘ, ਤੇਜੀ ਔਜਲਾ, ਵਰਿੰਦਰ ਪ੍ਰਤਾਪ ਮਾਲੜੀ, ਨਵਰਾਜ ਦੋਸਾਂਝ, ਸੁਖਵਿੰਦਰ ਸਿੰਘ ਕੋਚ, ਨੀਟੂ ਕੰਗ, ਰਾਜ ਪੁਰੇਵਾਲ, ਗੁਰਜੀਤ ਬੱਲ, ਤਜਿੰਦਰ ਸਿੰਘ ਜਿੰਦ (BSF),ਤਜਿੰਦਰ ਸਿੰਘ ਤੇਜੀ (BSF), ਹਰਭਜਨ ਸਿੰਘ ਰਾਏ ਉਲੰਪੀਅਨ,ਨੇਕੀ ਸੰਧੂ ਉਲੰਪੀਅਨ, ਰਜਿੰਦਰ ਸਿੰਘ ਰਾਏ ਉਲੰਪੀਅਨ,ਸ਼ਿਵ ਜਗਦੇਵ (ਸਾਬਕਾ ਕਨੇਡਾ,ਅਮਰੀਕਾ ਰਾਸ਼ਟਰੀ ਹਾਕੀ ਕੋਚ), ਬਿਅੰਤ ਸਿੰਘ ਪਹਿਲਵਾਨ,ਬਿੰਦਰ ਸੰਘੇੜਾ (ਪੰਜਾਬ ਪੁਲੀਸ) ਤੇ ਹੋਰ ਕਈ ਨਾਮੀ ਖਿਡਾਰੀ ਤੇ ਸਖਸ਼ੀਅਤਾਂ ਹਾਜ਼ਰ ਸਨ।





## ਭਾਰਤੀ ਮੂਲ ਦੇ ਰਵੀ ਚੌਧਰੀ ਅਮਰੀਕੀ ਹਵਾਈ ਸੈਨਾ ਦੇ ਸਹਾਇਕ ਰੱਖਿਆ ਮੰਤਰੀ ਬਣੇ



ਵਾਸ਼ਿੰਗਟਨ-ਅਮਰੀਕਾ ਦੀ ਸੈਨੇਟ ਨੇ ਹਵਾਈ ਸੈਨਾ ਦੇ ਸਹਾਇਕ ਰੱਖਿਆ ਮੰਤਰੀ ਦੇ ਅਹੁਦੇ ਲਈ ਭਾਰਤੀ-ਅਮਰੀਕੀ ਇੰਜਨੀਅਰ ਰਵੀ ਚੌਧਰੀ ਦੇ ਨਾਂ 'ਤੇ ਮੋਹਰ ਲਗਾ ਦਿੱਤੀ ਹੈ। ਇਹ ਅਹੁਦਾ ਅਮਰੀਕੀ ਰੱਖਿਆ ਮੰਤਰਾਲੇ ਦੇ ਹੈੱਡਕੁਆਰਟਰ ਪੈਂਟਾਗਨ ਦੇ ਸਿਖਰਲੇ ਅਹੁਦਿਆਂ 'ਚੋਂ ਇੱਕ ਹੈ। ਸੈਨੇਟ ਨੇ ਬੀਤੇ ਦਿਨ 19 ਮੁਕਾਬਲੇ 65 ਵੋਟਾਂ ਨਾਲ ਸਾਬਕਾ ਹਵਾਈ ਸੈਨਾ ਅਧਿਕਾਰੀ ਰਵੀ ਚੌਧਰੀ ਦੀ ਨਾਮਜ਼ਦਗੀ ਦੀ ਪੁਸ਼ਟੀ ਕੀਤੀ। ਇਨ੍ਹਾਂ 65 ਵੋਟਾਂ 'ਚ ਵਿਰੋਧੀ ਧਿਰ ਰਿਪਬਲਿਕਨ ਪਾਰਟੀ ਦੀਆਂ 12 ਤੋਂ ਵੱਧ ਵੋਟਾਂ ਵੀ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਰਵੀ ਚੌਧਰੀ ਇਸ ਤੋਂ ਪਹਿਲਾਂ ਅਮਰੀਕੀ ਟਰਾਂਸਪੋਰਟ ਵਿਭਾਗ 'ਚ ਇੱਕ ਸੀਨੀਅਰ ਕਾਰਜਕਾਰੀ ਵਜੋਂ ਸੇਵਾਵਾਂ ਦੇ ਚੁੱਕੇ ਹਨ ਜਿੱਥੇ ਉਹ ਫੈਡਰਲ ਹਵਾਬਾਜ਼ੀ ਪ੍ਰਸ਼ਾਸਨ (ਐਫਏਏ) 'ਚ ਆਫਿਸ ਆਫ ਕਮਰਸ਼ੀਅਲ ਸਪੇਸ ਦੇ ਐਡਵਾਂਸਡ ਪ੍ਰੋਗਰਾਮਜ਼ ਐਂਡ ਇਨੋਵੇਸ਼ਨ ਦੇ ਡਾਇਰੈਕਟਰ ਸਨ। ਅਮਰੀਕੀ ਹਵਾਈ ਸੈਨਾ 'ਚ 1993 ਤੋਂ 2015 ਤੱਕ ਆਪਣੇ ਸੇਵਾਕਾਲ ਦੌਰਾਨ ਰਵੀ ਚੌਧਰੀ ਨੇ ਕਈ ਮੁਹਿੰਮਾਂ ਮੁਕੰਮਲ ਕੀਤੀਆਂ।


cst canadian scholarship trust plan™

C.S.T. Consultants Inc.

BC Helps Parents Boost their Education Savings!



Start saving for your child's future education in a Registered Education Savings Plan (RESP) and receive up to $8,400 in government grants.1

Open a CST RESP now and you'll start receiving the Canada Education Savings grant (CESG). The CESG can add up to $7,200 to your child's RESP.

When your child turns six, they can receive an additional $1,200 from the B.C. Government.



SURJIT S. MADHOPURI
Sales Representative
C.S.T. Consultants Inc., Branch 789
Tel: 604.594.7200 / Cell: 604.377.4171
Email: surjit.madhopuri@cstresp.com
http://www.cstresp.com/6117

1 The Canada Education Savings Grant matches 20% of the first $2,500 you contribute to your child's RESP each year up to a lifetime maximum of $7,200. BC Training and Education Savings Grant (BCTESG) is a one-time $1,200 grant available to BC resident children born on or after January 1st, 2006. Children are eligible for the BCTESG on their sixth birthday. You have until the day before your child's ninth birthday to apply for the BCTESG. Conditions apply. ™ The Canadian Scholarship Trust Plan is a registered trademark of the Canadian Scholarship Trust Foundation.

**The CST Plan is only sold by Prospectus. You can get copies of the prospectus from www.cst.org or by calling 1.877.333.RESP(7377).**

MU1100(2017-04)

# ਭਾਈ ਅੰਮ੍ਰਿਤਪਾਲ ਸਿੰਘ ਵਿਰੁੱਧ ਭੰਡੀ ਪ੍ਰਚਾਰ ਪੰਜਾਬ ਵਿਰੋਧੀਆਂ ਦੀ ਸਾਜਿਸ਼-ਮਨਿੰਦਰ ਗਿੱਲ



ਸਰੀ (ਬਲਦੇਵ ਸਿੰਘ ਭੰਮ)-ਵਾਰਿਸ ਪੰਜਾਬ ਦੇ, ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਵਿਰੁੱਧ ਦੇਸ਼ ਪ੍ਰਦੇਸ਼ ਚ ਹੋ ਰਹੇ ਭੰਡੀ ਪ੍ਰਚਾਰ ਦੀ ਨਿੰਦਾ ਕਰਦਿਆਂ ਕੈਨੇਡਾ-ਇੰਡੀਆ ਫਰੈਂਡਸ਼ਿਪ ਗਰੁੱਪ ਦੇ ਪ੍ਰਧਾਨ ਤੇ ਰੇਡੀਓ ਇੰਡੀਆ ਦੇ ਸੀਈਓ ਮਨਿੰਦਰ ਸਿੰਘ ਗਿੱਲ ਨੇ ਇਕ ਬਿਆਨ ਰਾਹੀਂ ਇਸਨੂੰ ਇੱਕ ਸਾਜਿਸ਼ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਭਾਰਤ ਦੇਸ਼ ਅਤੇ ਮਨੁੱਖਤਾ ਨੂੰ ਭੰਡੀ ਪ੍ਰਚਾਰ ਕਰਨ ਵਾਲਿਆਂ ਨਾਲੋਂ ਵੱਧ ਪਿਆਰ ਕਰਦੀ ਹੈ ਪਰ ਕੁਝ ਅਖੌਤੀ ਦੇਸ਼ ਭਗਤ, ਸਿੱਖਾਂ ਦਾ ਅਕਸ ਵਿਗਾੜਨ ਲਈ ਹਮੇਸ਼ਾਂ ਜਹਿਰ ਉਗਲਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਤੇ ਕਿਸੇ ਵੀ ਸੰਕਟ ਸਮੇਂ ਸਭ ਤੋਂ ਅੱਗੇ ਆਉਣ ਵਾਲੀ ਸਿੱਖ ਕੌਮ ਬਾਅਦ ਚ ਵੱਖਵਾਦੀ/ਅੱਤਵਾਦੀ ਜਾਂ ਦੇਸ਼ ਧ੍ਰੋਹੀ ਕਿਉਂ ਗਰਦਾਨੀ ਜਾਂਦੀ ਹੈ, ਇਹ ਗੱਲ ਸਮਝ ਤੋਂ ਬਾਹਰ ਹੈ। ਵਿਸ਼ੇਸ਼ ਤੌਰ ਤੇ ਅਖੌਤੀ ਮੇਜਰ ਗੌਰਵ ਆਰੀਆ ਦੀ ਸੋਸ਼ਲ ਮੀਡੀਆ ਤੇ ਵਾਇਰਲ ਵੀਡੀਓ ਦਾ ਜਿਕਰ ਕਰਦਿਆਂ ਗਿੱਲ ਨੇ ਕਿਹਾ ਕਿ ਅਜਿਹੀ ਗੈਰ ਜਿੰਮੇਵਾਰਾਨਾ ਤੇ ਜ਼ਹਿਰੀ ਸੋਚ ਵਾਲੇ ਵਿਅਕਤੀ ਵਿਰੁੱਧ ਤੁਰੰਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੂੰ ਨਿਸ਼ਾਨਾ ਸਿਰਫ ਇਸ ਕਰਕੇ ਬਣਾਇਆ ਜਾ ਰਿਹਾ ਹੈ ਕਿ ਉਹ ਹਰ ਰੋਜ਼ ਸੈਂਕੜੇ ਗੁੰਮਰਾਹ ਹੋਏ ਸਿੱਖ ਨੌਜਵਾਨਾਂ ਨੂੰ ਅੰਮ੍ਰਿਤ ਛਕਾ ਕੇ ਪੰਜਾਬ ਨੂੰ ਨਸ਼ਾ ਮੁਕਤ ਕਰ ਰਿਹਾ ਹੈ ਤੇ ਇਹ ਗੱਲ ਗੌਰਵ ਆਰੀਆ ਵਰਗੇ ਲੋਕਾਂ ਦੇ ਗਲੇ ਨਹੀਂ ਉੱਤਰ ਰਹੀ ਜੋ ਪੰਜਾਬ ਨੂੰ ਤਬਾਹ ਕਰਨ ਵਿਚ ਰੁਝੀਆਂ ਤਾਕਤਾਂ ਦੇ ਭਾਈਵਾਲ ਹਨ। ਸ੍ਰੀ ਗਿੱਲ ਨੇ ਕਿਹਾ ਕਿ ਇਹ ਤਰਕ ਸਮਝ ਤੋਂ ਬਾਹਰ ਹੈ ਕਿ ਇੱਕ ਪਾਸੇ ਅੰਮ੍ਰਿਤਪਾਲ ਨੂੰ ਏਜੰਸੀਆਂ ਦਾ ਪਲਾਂਟ ਕੀਤਾ ਮੋਹਰਾ ਦੱਸਿਆ ਜਾ ਰਿਹਾ ਹੈ ਤੇ ਦੂਜੇ ਪਾਸੇ ਉਸਦਾ ਜ਼ਹਿਰੀਲਾ ਵਿਰੋਧ ਕੀਤਾ ਜਾ ਰਿਹਾ ਹੈ ? ਉਨ੍ਹਾਂ ਕਿਹਾ ਕਿ ਜੇਕਰ ਭਾਈ ਅੰਮ੍ਰਿਤਪਾਲ ਸਿੰਘ ਸੱਚਮੁੱਚ ਭਾਰਤੀ ਏਜੰਸੀਆਂ ਦਾ ਪਲਾਂਟ ਕੀਤਾ ਹੈ ਤਾਂ ਫਿਰ ਉਸ ਵਲੋਂ ਸੂਰੂ ਕੀਤੀ ਗਈ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਮੁਹਿੰਮ ਬਦਲੇ ਪੰਜਾਬ ਨੂੰ ਏਜੰਸੀਆਂ ਦਾ ਸ਼ੁਕਰਗੁਜ਼ਾਰ ਹੋਣਾ ਬਣਦਾ ਹੈ।

# ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੂੰ ਮੰਗ ਪੱਤਰ ਦਿੱਤਾ

## ਕੇਂਦਰ ਸਰਕਾਰ ਕੈਨੇਡਾ ਵਿਚ ਡਿਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦੇ ਮਸਲੇ ’ਚ ਤੁਰੰਤ ਦਖ਼ਲ ਦੇਵੇ-ਪ੍ਰੋ. ਸਰਚਾਂਦ ਸਿੰਘ


ਨਵੀਂ ਦਿੱਲੀ-ਰਾਸ਼ਟਰੀ ਘੱਟ ਗਿਣਤੀ ਕਮਿਸ਼ਨਰ ਦੇ ਸਲਾਹਕਾਰ ਅਤੇ ਭਾਜਪਾ ਦੇ ਸਿੱਖ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕੇਂਦਰ ਸਰਕਾਰ ਨੂੰ ਕੈਨੇਡਾ ਵਿੱਚ ਸੱਤ ਸੌ ਦੇ ਕਰੀਬ ਪੰਜਾਬੀ ਭਾਈਚਾਰੇ ਨਾਲ ਸੰਬੰਧਤ ਅੰਤਰਾਸ਼ਟਰੀ ਵਿਦਿਆਰਥੀਆਂ ਸਿਰ ਡਿਪੋਰਟੇਸ਼ਨ ਦੀ ਲਟਕ ਰਹੀ ਤਲਵਾਰ ਬਾਰੇ ਕੈਨੇਡਾ ਸਰਕਾਰ ਨਾਲ ਵਾਰਤਾ ਕਰਦਿਆਂ ਮਸਲੇ ਦਾ ਹਲ ਕੱਢਣ ਲਈ ਤੁਰੰਤ ਦਖ਼ਲ ਦੇਣ ਦੀ ਅਪੀਲ ਹੈ। ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਨੂੰ ਇਸ ਬਾਰੇ ਮੰਗ ਪੱਤਰ ਦਿੰਦਿਆਂ ਪ੍ਰੋ. ਸਰਚਾਂਦ ਸਿੰਘ, ਪ੍ਰੋ. ਗੁਰਿੰਦਰ ਸਿੰਘ ਮਾਮਣਕੇ ਅਤੇ ਅਮਨਦੀਪ ਭੱਟੀ ਨੇ ਕਿਹਾ ਕਿ ਕੈਨੇਡਾ ਤੋਂ ਸੱਤ ਸੌ ਦੇ ਕਰੀਬ ਪੰਜਾਬੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸਿਰ ‘ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਰਹੀ ਹੈ ਕਿਉਂਕਿ ਉਨ੍ਹਾਂ ਦੀਆਂ ਫਾਈਲ ਨਾਲ ਉਨ੍ਹਾਂ ਦੇ ਏਜੰਟ ਵਲੋਂ ਛੇੜਛਾੜ ਕੀਤੇ ਗਏ ਸਨ। ਓਹਨਾ ਕਿਹਾ ਕੇ ਇਸ ਫਰਜ਼ੀਵਾੜਾ ਵਿਚ ਕੈਨੇਡਾ ਸਰਕਾਰ ਦੇ ਓਹ ਵੀਜ਼ਾ ਅਧਿਕਾਰੀ ਵੀ ਕਸੂਰਵਾਰ ਹਨ ਜਿੰਨਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਵੀਜ਼ੇ ਦੇਣ ਸਮੇਂ ਇਹ ਦਸਤਾਵੇਜ਼ ਠੀਕ ਤਰ੍ਹਾਂ ਚੈੱਕ ਨਹੀਂ ਕੀਤੇ। ਹੁਣ ਜਦੋ ਵਿਦਿਆਰਥੀ 3-4 ਸਾਲ ਕੈਨੇਡਾ ‘ਚ ਹਰ ਤੰਗੀ ਝੱਲ ਕੇ, ਪੱਕੇ ਹੋਣ ਲਈ ਅਪਲਾਈ ਕਰਨ ਦੇ ਯੋਗ ਹੋਏ ਤਾਂ ਹੁਣ ਕਿਹਾ ਜਾ ਰਿਹਾ ਕਿ ਇਨ੍ਹਾਂ ਦੇ ਦਸਤਾਵੇਜ਼ ਗਲਤ ਹਨ ਅਤੇ ਉਨ੍ਹਾਂ ਨੂ ਵਾਪਸ ਜਾਣਾ ਪਵੇਗਾ। ਇਸ ਦੇ ਨਾਲ ਹੀ ਕੈਨੇਡਾ ਸਰਕਾਰ ਨੇ ਫਰਜ਼ੀ ਦਸਤਾਵੇਜ਼ਾਂ ‘ਤੇ ਕੈਨੇਡਾ ਪੁੱਜੇ ਭਾਰਤੀ ਵਿਦਿਆਰਥੀਆਂ ਨੂੰ ਡਿਪੋਰਟ



ਕਰਨ ਦਾ ਫ਼ੈਸਲਾ ਲੈਂਦੇ ਹੋਏ ਸਾਰੇ ਵਿਦਿਆਰਥੀਆਂ ਨੂੰ ਕੈਨੇਡਾ ਤੋਂ ਡਿਪੋਰਟ ਕਰਨ ਦੇ ਨੋਟਿਸ ਜਾਰੀ ਕਰ ਦਿੱਤੇ ਹਨ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਕੈਨੇਡਾ ਸਰਕਾਰ ਵਲੋਂ ਡਿਪੋਰਟ ਕਰਨ ਦੀ ਸੂਚਨਾ ਮਿਲਦੇ ਹੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ‘ਚ ਹੜਕੰਪ ਮਚ ਗਿਆ, ਉੱਥੇ ਹੀ ਕੈਨੇਡਾ ਪੁੱਜੇ ਵਿਦਿਆਰਥੀਆਂ ਨੂੰ ਡਿਪੋਰਟ ਕਰਨ ਦੀ ਸੂਚਨਾ ਮਿਲਦੇ ਹੀ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰ ਚਿੰਤਾ ਵਿੱਚ ਆਗਏ ਹਨ। ਭਾਰਤ ‘ਚ 12ਵੀਂ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ ‘ਚ ਪੜ੍ਹਾਈ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਪੱਕੇ ਤੌਰ ‘ਤੇ ਸੈਟਲ ਹੋਣ ਦੇ ਸੁਫ਼ਨੇ ਦੇਖਦੇ ਹਨ। ਕਈ ਮਾਪੇ ਤਾਂ ਆਪਣੇ ਬੱਚਿਆਂ ਨੂੰ ਵਿਦੇਸ਼ ‘ਚ ਪੜ੍ਹਾਈ ਦੇ ਤੌਰ ‘ਤੇ ਭੇਜਣ ਦੇ ਨਾਂ ‘ਤੇ ਆਪਣੀ ਜ਼ਮੀਨ ਗਹਿਣੇ ਰੱਖ ਕੇ ਜਾਂ ਬੈਂਕ ਤੋਂ ਲੋਨ ਲੈ ਕੇ ਭੇਜਦੇ ਹਨ ਤਾਂ ਕਿ ਕਿਸੇ ਤਰ੍ਹਾਂ ਉਨ੍ਹਾਂ ਦਾ ਬੱਚਾ ਪੜ੍ਹ-ਲਿਖ ਕੇ ਵੱਡਾ ਬਣੇ ਅਤੇ ਪੜ੍ਹਾਈ ਤੋਂ ਬਾਅਦ ਵਿਦੇਸ਼ ‘ਚ ਪੱਕੇ ਤੌਰ ‘ਤੇ ਸੈੱਟ ਹੋ ਕੇ ਉਨ੍ਹਾਂ ਦੇ ਸੁਫ਼ਨਿਆਂ ਨੂੰ ਪੂਰਾ ਕਰੇ। ਜਿਹੜੇ ਮਾਪੇ ਪੜ੍ਹਾਈ ਤੋਂ ਬਾਅਦ 3 ਸਾਲ ਬੀਤ ਜਾਣ ਤੋਂ ਬਾਅਦ ਆਪਣੇ ਬੱਚਿਆਂ ਦੀ ਕੈਨੇਡਾ ‘ਚ ਪੱਕੇ ਹੋਣ ਦੀ ਉਡੀਕ ਕਰ ਰਹੇ ਸਨ, ਉਨ੍ਹਾਂ ਮਾਪਿਆਂ ਨੂੰ ਬੱਚਿਆਂ ਦੇ ਡਿਪੋਰਟ ਹੋਣ ਦੀ ਸੂਚਨਾ ਮਿਲਣ ਦਾ ਨੋਟਿਸ ਮਿਲਣ ‘ਤੇ ਉਨ੍ਹਾਂ ਦੇ ਸੁਫ਼ਨਿਆਂ ‘ਤੇ ਪਾਣੀ ਫਿਰ ਗਿਆ। ਪ੍ਰੋ. ਸਰਚਾਂਦ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਡਿਪੋਰਟੇਸ਼ਨ ਰੁਕਣੀ ਚਾਹੀਦੀ ਹੈ ਤੇ ਉਹਨਾਂ ਨੂੰ ਪੱਕੇ ਹੋਣ ਦਾ ਮੌਕਾ ਮਿਲਣਾ ਚਾਹੀਦਾ ਹੈ। ਇਸ ਸੰਬੰਧੀ ਕੈਨੇਡਾ ਸਰਕਾਰ ਨਾਲ ਭਾਰਤ ਸਰਕਾਰ ਨੂੰ ਗਲ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਇਸ ਵੱਡੇ ਫਰਜ਼ੀਵਾੜੇ ‘ਚ ਸ਼ਾਮਿਲ ਟਰੈਵਲ ਏਜੰਟਾਂ ‘ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

# ਬਿੱਲ ਸੀ-18 ਕਾਨੂੰਨ ਬਣਨ ’ਤੇ ਮੈਟਾ ਕੈਨੇਡੀਅਨਾਂ ਦੀ ਫੇਸਬੁੱਕ ਤੇ ਇੰਸਟਾਗ੍ਰਾਮ ’ਤੇ ਖ਼ਬਰਾਂ ਤਕ ਪਹੁੰਚ ਰੋਕ ਦੇਵਗੀ

ਓਟਵਾ-ਦੀ ਗਲੋਬ ਐਂਡ ਮੇਲ ਨੂੰ ਪਤਾ ਲੱਗਾ ਹੈ ਕਿ ਜੇਕਰ ਓਟਵਾ ਦਾ ਆਨਲਾਈਨ ਨਿਊਜ਼ ਬਿਲ ਕਾਨੂੰਨ ਬਣਦਾ ਹੈ ਤਾਂ ਤਕਨੀਕੀ ਦਿਗਜ ਕੰਪਨੀ ਮੈਟਾ ਨੇ ਕੈਨੇਡੀਅਨ ਲੋਕਾਂ ਦੀ ਫੇਸਬੁੱਕ ਤੇ ਇੰਸਟਾਗ੍ਰਾਮ ’ਤੇ ਖ਼ਬਰਾਂ ਦੀ ਸਮੱਗਰੀ ਨੂੰ ਦੇਖਣ ਜਾਂ ਸਾਂਝਾ ਕਰਨ ਦੀ ਸਮਰੱਥਾ ਨੂੰ ਰੋਕਣ ਦਾ ਫ਼ੈਸਲਾ ਕੀਤਾ ਹੈ। ਕੰਪਨੀ ਨੇ ਇਨ੍ਹਾਂ ਚਿੰਤਾਵਾਂ ਦਰਮਿਆਨ ਇਸ ਹਫ਼ਤੇ ਫ਼ੈਸਲਾ ਲਿਆ ਕਿ ਇਹ ਗੱਲ ਸਪਸ਼ਟ ਨਹੀਂ ਕਿ ਜੇਕਰ ਕਾਨੂੰਨ ਜਿਸ ਨੂੰ ਬਿੱਲ ਸੀ-18 ਕਰਕੇ ਜਾਣਿਆਂ ਜਾਂਦਾ ਹੈ ਲਾਗੂ ਕੀਤਾ ਜਾਂਦਾ ਹੈ ਤਾਂ ਕਿੰਨੀ ਵਿੱਤੀ ਬੋਝ ਪਵੇਗਾ। ਬਿੱਲ ਕਾਰਨ ਗੂਗਲ ਤੇ ਮੈਟਾ ਨੂੰ ਨਿਊਜ਼ ਸੰਗਠਨਾਂ ਨੂੰ ਉਨ੍ਹਾਂ ਦੀ ਸਮੱਗਰੀ ਪੋਸਟ ਕਰਨ ਜਾਂ ਲਿੰਕ ਕਰਨ ਬਦਲੇ ਮੁਆਵਜ਼ਾ ਦੇਣਾ ਪਵੇਗਾ। ਮੈਟਾ ਦੇ ਇਕ ਬੁਲਾਰੇ ਨੇ ਦੱਸਿਆ ਕਿ ਜੇਕਰ ਕਾਨੂੰਨ ਵਿਚ ਤਬਦੀਲੀਆਂ ਨਹੀਂ ਕੀਤੀਆਂ ਜਾਂਦੀਆਂ ਅਤੇ ਬਿੱਲ ਸੀ-18 ਕਾਨੂੰਨ ਬਣ ਜਾਂਦਾ ਹੈ ਤਾਂ ਕੰਪਨੀ ਕੈਨੇਡੀਅਨਾਂ ਦੀ ਲਿਖਤੀ ਤੇ ਪ੍ਰਸਾਰਤ ਖ਼ਬਰਾਂ ਤਕ ਪਹੁੰਚ ਖਤਮ ਕਰਨ ਦੀ ਯੋਜਨਾ ਬਣਾ ਰਹੀ ਹੈ। ਤਕਨੀਕੀ ਦਿਗਜ ਨੇ ਕਿਹਾ ਕਿ ਉਹ ਕੈਨੇਡੀਅਨਾਂ ਨੂੰ ਪੇਸ਼ਗੀ ਵਿਚ ਆਪਣੀਆਂ ਸੇਵਾਵਾਂ ਵਿਚ ਤਬਦੀਲੀ ਬਾਰੇ ਚਿਤਾਵਨੀ ਦੇਵੇਗੀ। ਹਾਊਸ ਆਫ ਕਾਮਨਜ਼ ਨੇ ਬਿੱਲ ਪਾਸ ਕਰ ਦਿੱਤਾ ਅਤੇ ਮੌਜੂਦਾ ਸਮੇਂ ਇਸ ’ਤੇ ਸੈਨੇਟ ਵਿਚ ਵਿਚਾਰ ਕੀਤੀ ਜਾ ਰਹੀ ਹੈ। ਗਰਮੀਆਂ ਤਕ ਇਸ ਦੇ ਪਾਰਲੀਮੈਂਟ ਵਿਚ ਪਾਸ ਹੋਣ ਦੀ ਆਸ ਹੈ। ਮੈਟਾ ਦੀ ਬੁਲਾਰਨ ਲੀਸਾ ਲੈਵੇਂਚਰ ਨੇ ਦੱਸਿਆ ਕਿ ਜੇਕਰ ਆਨਲਾਈਨ ਨਿਊਜ ਐਕਟ ਮੌਜੂਦਾ ਰੂਪ ਵਿਚ ਪਾਸ ਹੋ ਜਾਂਦਾ ਹੈ ਤਾਂ ਕੈਨੇਡਾ ਵਿਚ ਲੋਕਾਂ ਲਈ ਫੇਸਬੁੱਕ ਅਤੇ ਇੰਸਟਾਗ੍ਰਾਮ ’ਤੇ ਖ਼ਬਰ ਸਮੱਗਰੀ ਤਕ ਪਹੁੰਚ ਨੂੰ ਖਤਮ ਕਰ ਦਿੱਤਾ ਜਾਵੇਗਾ।




# ਐਬਟਸਫੋਰਡ ਸਿਟੀ ਵਲੋਂ ਉਪਭੋਗਤਾ ਪੱਖੀ ਮਨੋਰੰਜਨ ਯੋਜਨਾ ਦੇਣ ਵਾਲਾ ਨਵਾਂ ਮਨੋਰੰਜਨ ਸਰਚ ਟੂਲ ਲਾਂਚ

ਐਬਟਸਫੋਰਡ-ਸ਼ਹਿਰ ਦੀ ਵੈੱਬਸਾਈਟ ’ਤੇ ਨਵੀਆਂ ਸਰਗਰਮੀਆਂ ਬਾਰੇ ਖੋਜ ਫੰਕਸ਼ਨ ਸ਼ੁਰੂ ਹੋਣ ਨਾਲ ਐਬਟਸਫੋਰਡ ਵਾਸੀ ਜਿਹੜੇ ਮਨੋਰੰਜਨ ਸਰਗਰਮੀਆਂ ਦੀ ਭਾਲ ਕਰ ਰਹੇ ਹਨ ਆਪਣਾ ਪਸੰਦੀਦਾ ਮਨੋਰੰਜਨ ਪ੍ਰੋਗਰਾਮ ਸ਼ਡਿਊਲ ਬਣਾ ਸਕਦੇ ਹਨ। ਨਵਾਂ ਵਧਾਇਆ ਗਿਆ ਖੋਜ ਟੂਲ ਯੂਜ਼ਰਾਂ ਨੂੰ ਉਨ੍ਹਾਂ ਦੇ ਖ਼ਾਸ ਮਾਪਦੰਡਾ ਤੇ ਦਿਸ਼ਾ-ਨਿਰਦੇਸ਼ਾਂ ਦੇ ਆਧਾਰ ’ਤੇ ਅਸਾਨੀ ਨਾਲ ਵਰਤਣਯੋਗ ਸੈਟਿੰਗ ਵਿਚ ਪੂਰੇ ਸ਼ਹਿਰ ’ਚ ਉਪਲਬਧ ਮਨੋਰੰਜਨ ਸਰਗਰਮੀਆਂ, ਪ੍ਰੋਗਰਾਮਾਂ ਤੇ ਪਾਠਾਂ ਨੂੰ ਸੌਖਾ ਲੱਭਣ ਦੀ ਇਜਾਜ਼ਤ ਦਿੰਦਾ ਹੈ। ਇਨ੍ਹਾਂ ਗਾਈਡਾਂ ਨੂੰ ਛਾਪਿਆ ਜਾ ਸਕਦਾ ਹੈ ਅਤੇ ਯੂਜ਼ਰਜ਼ ਆਪਣੀਆਂ ਖੋਜਾਂ ਦੇ ਆਧਾਰ ’ਤੇ ਵੱਖ ਵੱਖ ਪ੍ਰੋਗਰਾਮਾਂ ਲਈ ਰਜਿਸਟਰੇਸ਼ਨ ਕਰ ਸਕਦੇ ਹਨ। ਨਵੇਂ ਖੋਜ ਟੂਲ ਤਕ ਪਹੁੰਚ ਅਤੇ ਆਪਣਾ ਪਸੰਦੀਦਾ ਮਨੋਰੰਜਨ ਪ੍ਰੋਗਰਾਮ ਬਣਾਉਣ ਲਈ ਐਬਟਸਫੋਰਡ ਡਾਟ ਸੀਏ/ਐਕਟਿਵਟੀਜ਼-ਸਰਚ ’ਤੇ ਜਾ ਸਕਦੇ ਹੋ।







# ਸਰੀ ਵਿਚ ਨਾਮਵਰ ਸਾਹਿਤਕਾਰ ਗਿਆਨੀ ਗੁਰਦਿੱਤ ਸਿੰਘ ਦੇ ਸ਼ਤਾਬਦੀ ਜਨਮ ਦਿਨ ’ਤੇ ਵਿਸ਼ੇਸ਼ ਸਮਾਗਮ

**• ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਨੇ ਪੁਸਤਕਾਂ ਦਾ ਸੈਂਟ ਸਿੰਘ ਸਭਾ ਗੁਰਦੁਆਰਾ ਦੇ ਪ੍ਰਬੰਧਕਾਂ ਨੂੰ ਸੌਂਪਿਆ • ਗਿਆਨੀ ਗੁਰਦਿੱਤ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਲਾਉਣ ਦਾ ਮਤਾ ਪਾਸ**









ਸਰੀ (ਹਰਦਮ ਮਾਨ)-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਅਤੇ ਸਿੱਖ ਨੈਸ਼ਨਲ ਆਰਕਾਈਵਜ਼ ਆਫ਼ ਕੈਨੇਡਾ ਵੱਲੋਂ ਨਾਮਵਰ ਸਾਹਿਤਕਾਰ ਗਿਆਨੀ ਗੁਰਦਿੱਤ ਸਿੰਘ ਦੇ ਸ਼ਤਾਬਦੀ ਜਨਮ ਦਿਨ ‘ਤੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਨਾਮਵਰ ਸਾਹਿਤਕਾਰ ਅਤੇ ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਸਮਾਗਮ ਦਾ ਆਗਾਜ਼ ਕਰਦਿਆਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਜਸਵਿੰਦਰ ਸਿੰਘ ਖਹਿਰਾ ਨੇ ਸਭ ਨੂੰ ਜੀ ਆਇਆਂ ਕਿਹਾ। ਸਮਾਗਮ ਦੇ ਮੁੱਖ ਬੁਲਾਰੇ ਜੈਤੇਗ ਸਿੰਘ ਅਨੰਤ ਨੇ ਗਿਆਨੀ ਗੁਰਦਿੱਤ ਸਿੰਘ ਦੀ ਸ਼ਖ਼ਸੀਅਤ, ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਵਿਚ ਪਾਏ ਮਹਾਨ ਯੋਗਦਾਨ ਅਤੇ ਸਮਾਜਿਕ ਕਾਰਜਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਆਲਮੀ ਜਗਤ ਵਿਚ ਗਿਆਨੀ ਗੁਰਦਿੱਤ ਸਿੰਘ ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀਂ। ਉਹ ਇਕ ਬਹੁਪੱਖੀ, ਬਹੁਰੰਗੀ, ਬਹੁਪਰਤੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਨਾਮਵਰ ਵਿਦਵਾਨ, ਚਿੰਤਕ, ਸਫ਼ਲ ਵਾਰਤਾਕਾਰ, ਜੀਵਨੀਕਾਰ, ਨਿਬੰਧਕਾਰ, ਸਿਰਕੱਢ ਖੋਜੀ, ਇਤਿਹਾਸਕਾਰ, ਸੰਪਾਦਕ ਅਤੇ ਪੱਤਰਕਾਰ ਸਨ। ਉਹ ਗੁਰਮਤਿ ਅਚਾਰੀਆ, ਗੁਰਬਾਣੀ ਦੇ ਵਿਆਖਿਆਕਾਰ ਅਤੇ ਚੋਟੀ ਦੇ ਵਕਤਾ ਵੀ ਸਨ। ‘ਮੇਰਾ ਪਿੰਡ’ ਗਿਆਨੀ ਗੁਰਦਿੱਤ ਸਿੰਘ ਦੀ ਅਜੇਹੀ ਸ਼ਾਹਕਾਰ ਰਚਨਾ ਹੈ ਜਿਸ ਵਿੱਚ ਉਨ੍ਹਾਂ ਪੰਜਾਬ ਦੇ ਪਿੰਡਾਂ ਦਾ ਮੂੰਹ ਮੱਥਾ, ਨੈਣ-ਨਕਸ਼, ਵੱਡ ਵਡੇਰੇ, ਆਂਢ-ਗੁਆਂਢ, ਕੰਮ ਧੰਦੇ, ਸੰਤਾਂ ਸਾਧਾਂ ਦੀਆਂ ਬਾਤਾਂ, ਹਾੜ੍ਹਾਂ ਦੇ ਦੁਪਹਿਰੇ, ਸਿਆਲਾਂ ਦੀਆਂ ਧੂਣੀਆਂ, ਪਿੰਡ ਦੇ ਗਾਲੜੀ, ਤਿੱਥ ਤਿਉਹਾਰ, ਤੀਆਂ, ਤਰਿੰਞਣ ਨੂੰ ਬੜੇ ਕਲਾ ਲਈ ਤੇ ਖੂਬਸੂਰਤ ਢੰਗ ਨਾਲ ਪੇਸ਼ ਕੀਤਾ ਹੈ। ਉਹਨਾਂ ਕਿਹਾ ਕਿ ਗਿਆਨੀ ਗੁਰਦਿੱਤ ਸਿੰਘ ਸ਼ਬਦਾਂ ਦੇ ਜਾਦੂਗਰ ਸਨ ਅਤੇ ਜਿਸ ਖੂਬਸੂਰਤੀ ਨਾਲ ਉਨ੍ਹਾਂ ਨੇ ਹਰ ਵਿਸ਼ੇ ਪੇਸ਼ ਕੀਤਾ ਹੈ ਉਹਨਾਂ ਦੀ ਵਾਰਤਕ ਕਲਾ ਦਾ ਹੀ ਕਮਾਲ ਹੈ ਕਿ ਉਨ੍ਹਾਂ ਹਰ ਇਕ ਵਿਸ਼ੇ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਦੀ ਇਕ ਹੋਰ ਕਿਰਤ ‘ਸ੍ਰੀ ਗੁਰੂ ਗ੍ਰੰਥ ਸਾਹਿਬ ਭਗਤ ਬਾਣੀ ਭਾਗ ਪਹਿਲਾ’ ਹੈ ਜਿਸ ਵਿਚ ਬਾਣੀਕਾਰ ਭਗਤਾਂ ਦੇ ਜੀਵਨ ਅਤੇ ਰਚਨਾ ਬਾਰੇ ਜੋ ਸਮੱਗਰੀ ਇਕੱਤਰ ਕੀਤੀ ਗਈ ਹੈ ਉਹ ਕਿਸੇ ਪੰਜਾਬੀ ਪੁਸਤਕ ਵਿੱਚ ਨਹੀਂ ਮਿਲਦੀ। ਉਨ੍ਹਾਂ ਆਪਣੇ ਜੀਵਨ ਵਿਚ ਲਗਭਗ 100 ਦੇ ਕਰੀਬ ਪੁਸਤਕਾਂ, ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ। ਉਹ ਪੰਜਾਬੀ ਯੂਨੀਵਰਸਿਟੀ ਦੀ ਸੈਨੇਟ ਦੇ ਮੈਂਬਰ ਰਹੇ। 1977 ਵਿੱਚ ਪੰਜਾਬੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਉਨ੍ਹਾਂ ਨੂੰ ਦੇਸ਼-ਵਿਦੇਸ਼ ਵਿਚ ਅਨੇਕਾਂ ਮਾਣ ਸਨਮਾਨ ਮਿਲੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਗੁਰਮਤਿ ਅਚਾਰੀਆ ਐਵਾਰਡ ਦਿੱਤਾ ਗਿਆ। ਉਨ੍ਹਾਂ ਦੀ ਪੁਸਤਕ ‘ਮੇਰਾ ਪਿੰਡ’ ਨੂੰ ਯੂਨੈਸਕੋ ਐਵਾਰਡ ਪ੍ਰਾਪਤ ਹੋਇਆ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਸਾਹਿਤਕਾਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਗਿਆਨੀ ਗੁਰਦਿੱਤ ਸਿੰਘ ਬਾਰੇ ਬੋਲਦਿਆਂ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਫਾਊਂਡਰ ਪ੍ਰਧਾਨ ਗਿਆਨ ਸਿੰਘ ਸੰਧੂ ਨੇ ਕਿਹਾ ਕਿ ਹੈ ਗਿਆਨੀ ਗੁਰਦਿੱਤ ਸਿੰਘ ਸਿੱਖ ਕੌਮ ਦੀਆਂ ਵਿਰਲਿਆਂ ਸ਼ਖਸੀਅਤਾਂ ਵਿੱਚੋਂ ਇਕ ਸਨ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਿੱਖ ਇਤਿਹਾਸ, ਸਾਹਿਤ ਅਤੇ ਖੋਜ ਕਾਰਜਾਂ ਵਿੱਚ ਲਾਇਆ। ਉਨ੍ਹਾਂ ਦੀ ਪੁਸਤਕ ‘ਮੇਰਾ ਪਿੰਡ’ ਏਨੀ ਮਕਬੂਲ ਰਚਨਾ ਹੈ ਕਿ ਹੁਣ ਤੱਕ ਇਸ ਦੇ 17 ਐਡੀਸ਼ਨ ਛਪ ਚੁੱਕੇ ਹਨ। ਇਸ ਮੌਕੇ ਜੈਤੇਗ ਸਿੰਘ ਅਨੰਤ ਵੱਲੋਂ ਤਿਆਰ ਕੀਤਾ ਗਿਆ ਸਲਾਈਡ ਸ਼ੋਅ ਦਿਖਾਇਆ ਗਿਆ ਅਤੇ ਗਿਆਨ ਸਿੰਘ ਸੰਧੂ ਨੇ ਇਸ ਸ਼ੋਅ ਦੀ ਹਰ ਇਕ ਸਲਾਈਡ ਬਾਰੇ ਵਿਸਥਾਰ ਵਿੱਚ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਦਾ ਇਸ ਸਮਾਗਮ ਲਈ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਮਹਾਨ ਸਾਹਿਤਕਾਰਾਂ, ਵਿਦਵਾਨਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਦੀ ਯਾਦ ਵਿਚ ਸਮਾਗਮ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਆਪਣੇ ਮਹਾਨ ਵਿਰਸੇ ਬਾਰੇ ਜਾਣ ਸਕੇ। ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਵੀ ਗਿਆਨੀ ਗੁਰਦਿੱਤ ਸਿੰਘ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਅਤੇ ਸਿੱਖ ਇਤਿਹਾਸ ਵਿਚ ਪਾਏ ਰਚਨਾਤਮਿਕ ਯੋਗਦਾਨ ਨੂੰ ਸਿਜਦਾ ਕੀਤਾ। ਸਿੱਖ ਨੈਸ਼ਨਲ ਆਰਕਾਈਵ ਆਫ ਕੈਨੇਡਾ ਦੇ ਬੁਲਾਰੇ ਅਜੀਤ ਸਿੰਘ ਸਹੋਤਾ ਨੇ ਜੈਤੇਗ ਸਿੰਘ ਅਨੰਤ ਵੱਲੋਂ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਜੈਤੇਗ ਸਿੰਘ ਅਨੰਤ ਨੇ ਆਪਣੀਆਂ ਅਤੇ ਗਿਆਨੀ ਗੁਰਦਿੱਤ ਸਿੰਘ ਦੀਆਂ ਪੁਸਤਕਾਂ ਦਾ ਇਕ ਸੈੱਟ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕਾਂ ਨੂੰ ਸੌਂਪਿਆ। ਸਿੱਖ ਨੈਸ਼ਨਲ ਆਰਕਾਈਵ ਆਫ ਕੈਨੇਡਾ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵੱਲੋਂ ਜੈਤੇਗ ਸਿੰਘ ਅਨੰਤ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਦਿੱਤਾ ਗਿਆ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਅੰਤ ਵਿਚ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਸਵਿੰਦਰ ਸਿੰਘ ਖਹਿਰਾ ਵੱਲੋਂ ਪੇਸ਼ ਕੀਤੇ ਇਕ ਮਤੇ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਤੋਂ ਮੰਗ ਕੀਤੀ ਗਈ ਕਿ ਗਿਆਨੀ ਗੁਰਦਿੱਤ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਕੀਤੀ ਜਾਵੇ। ਸਾਰੀ ਸੰਗਤ ਨੇ ਜੈਕਾਰਾ ਛੱਡ ਕੇ ਇਸ ਮਤੇ ਨੂੰ ਪ੍ਰਵਾਨਗੀ ਦਿੱਤੀ। ਜਸਵਿੰਦਰ ਸਿੰਘ ਖਹਿਰਾ ਨੇ ਇਸ ਸਮਾਗਮ ਵਿੱਚ ਸ਼ਾਮਲ ਹੋਏ ਸਭਨਾਂ ਵਿਦਵਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।



## ਹਰਕੀਰਤ ਕੌਰ ਚਾਹਲ ਦਾ ਨਾਵਲ ਅਤੇ ਮੋਹਨ ਗਿੱਲ ਦਾ ਕਾਵਿ ਸੰਗ੍ਰਹਿ ਰਿਲੀਜ਼ ਹੋਣਗੇ 19 ਮਾਰਚ ਨੂੰ

ਸਰੀ (ਹਰਦਮ ਮਾਨ)-ਸਰੀ ਵਿਖੇ ਦੋ ਸਾਹਿਤਕ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਜਿਨ੍ਹਾਂ ਵਿਚ ਦੋ ਪੁਸਤਕਾਂ ਰਿਲੀਜ਼ ਕੀਤੀਆਂ ਜਾਣਗੀਆਂ। ਪਹਿਲਾ ਪ੍ਰੋਗਰਾਮ ਸਵੇਰੇ 11 ਵਜੇ ਅੰਪਾਇਰ ਬੈਂਕੁਇਟ ਹਾਲ, ਯੌਰਕ ਸੈਂਟਰ ਸਰੀ ਵਿਖੇ ਹੋਵੇਗਾ ਜਿਸ ਵਿਚ ਪ੍ਰਸਿੱਧ ਲੇਖਿਕਾ ਹਰਕੀਰਤ ਕੌਰ ਚਾਹਲ ਦਾ ਨਾਵਲ ‘ਚੰਨਣ ਰੁੱਖ’ ਰਿਲੀਜ਼ ਕੀਤਾ ਜਾਵੇਗਾ। ਦੂਜਾ ਸਾਹਿਤਕ ਪ੍ਰੋਗਰਾਮ ਵੈਨਕੂਵਰ ਵਿਚਾਰ ਮੰਚ ਵੱਲੋਂ ਕਰਵਾਇਆ ਜਾ ਰਿਹਾ ਹੈ ਜੋ ਬਾਅਦ ਦੁਪਿਹਰ 1.30 ਵਜੇ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ, ਸਰੀ ਵਿਖੇ ਹੋਵੇਗਾ। ਇਸ ਸਮਾਗਮ ਵਿੱਚ ਪ੍ਰਸਿਧ ਸ਼ਾਇਰ ਮੋਹਨ ਗਿੱਲ ਦਾ ਕਾਵਿ ਸੰਗ੍ਰਹਿ ‘ਪਵਣ’ ਲੋਕ ਅਰਪਣ ਕੀਤਾ ਜਾਵੇਗਾ ਅਤੇ ਉਸ ਉਪਰ ਵਿਚਾਰ ਚਰਚਾ ਹੋਵੇਗੀ। ਹਰਕੀਰਤ ਕੌਰ ਚਾਹਲ ਅਤੇ ਮੋਹਨ ਗਿੱਲ ਵੱਲੋਂ ਇਨ੍ਹਾਂ ਦੋਹਾਂ ਸਾਹਿਤਕ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਸਮੂਹ ਸਾਹਿਤ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।






# ਬਾਬਾ ਗੱਜਣ ਸਿੰਘ ਮੁਖੀ ਤਰਨਾ ਦਲ ਦਾ ਸਦੀਵੀ ਵਿਛੋੜਾ-ਗ: ਬਾਬਾ ਨੋਧ ਸਿੰਘ ਦੇ ਨਜ਼ਦੀਕ ਅੰਤਿਮ ਸੰਸਕਾਰ ਹੋਇਆ

ਅੰਮ੍ਰਿਤਸਰ-ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ 15ਵੇਂ ਮੁੱਖੀ ਬਾਬਾ ਗੱਜਣ ਸਿੰਘ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਨਿਹੰਗ ਮੁਖੀ ਨੇ ਕਿਹਾ ਕਿ ਸਿੱਖ ਧਰਮ ਤੇ ਸਿੱਖ ਪਰੰਪਰਾਵਾਂ ਦੀ ਸੰਭਾਲ ਲਈ ਨਿਹੰਗ ਸਿੰਘ ਜਥੇਬੰਦੀਆਂ ਹੀ ਗੁਰਇਤਿਹਾਸ ਤੇ ਸੱਭਿਆਚਾਰ ਦਾ ਦਰਪਣ ਹਨ। ਉਨ੍ਹਾਂ ਕਿਹਾ ਕਿ ਜਥੇਦਾਰ ਬਾਬਾ ਗੱਜਣ ਸਿੰਘ ਖ਼ਾਲਸਾ ਵਿਰਾਸਤ ਨੂੰ ਪ੍ਰਚਾਰਨ ਲਈ ਸਦਾ ਯਤਨਸੀਲ ਰਹੇ ਹਨ ਅਤੇ ਉਨ੍ਹਾਂ ਨੇ ਨਿਹੰਗ ਸਿੰਘਾਂ ਦੀ ਚੜ੍ਹਦੀਕਲਾ ਲਈ ਹਮੇਸ਼ਾ ਸਰਬ ਸਾਂਝੇ ਗੁਰਮਤੇ ਅਨੁਸਾਰ ਹੀ ਰੋਲ ਅਦਾ ਕੀਤਾ। ਬਾਬਾ ਗੱਜਣ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਸਨ। ਉਨ੍ਹਾਂ ਕਿਹਾ ਕਿ ਬੁੱਢਾ ਦਲ ਵੱਲੋਂ ਕਰਵਾਏ ਗਏ ਵੱਖ-ਵੱਖ ਸ਼ਤਾਬਦੀ ਸਮਾਗਮਾਂ ਅਤੇ ਪੰਥਕ ਕਾਰਜਾਂ ਲਈ ਵੀ ਬਾਬਾ ਗੱਜਣ ਸਿੰਘ ਦਾ ਵੱਡਾ ਸਹਿਯੋਗ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਬਾ ਗੱਜਣ ਸਿੰਘ ਦਾ ਅਕਾਲ ਚਲਾਣਾ ਖਾਲਸਾ ਪੰਥ ਲਈ ਵੱਡਾ ਘਾਟਾ ਹੈ। ਨਿਹੰਗ ਮੁਖੀ ਨੇ ਬਾਬਾ ਗੱਜਣ ਸਿੰਘ ਦੇ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆ ਕਿਹਾ ਕਿ ਨਿਹੰਗ ਸਿੰਘ ਦਲਪੰਥ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਅਕਾਲ ਪੁਰਖ ਦੇ ਚਰਨਾਂ 'ਚ ਅਰਦਾਸ ਕੀਤੀ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਤੇ ਪਿਛੇ ਸਮੁੱਚੇ ਖਾਲਸਾ ਪੰਥ ਨੂੰ ਇਹ ਅਸਹਿ ਅਕਹਿ ਵਿਛੋੜਾ ਸਹਿਣ ਲਈ ਬਲ ਪ੍ਰਦਾਨ ਕਰਨ। ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਅੰਤਿਮ ਸਸਕਾਰ ਹੋਣ ਤੋਂ



ਪਹਿਲਾਂ ਗ: ਬਾਬਾ ਨੋਧ ਸਿੰਘ ਵਿਖੇ ਅੰਤਿਮ ਦਰਸ਼ਨ ਕੀਤੇ ਅਤੇ ਉਨ੍ਹਾਂ ਦੀ ਦੇਹ ਤੇ ਫੁੱਲਮਾਲਾ ਤੇ ਦੁਸ਼ਾਲਾ ਭੇਟ ਕੀਤਾ। ਇਸ ਮੌਕੇ ਹਜ਼ਾਰਾ ਸੰਗਤਾਂ ਨੇ ਸ਼ੇਜਲ ਅੱਖਾਂ ਨਾਲ ਉਨ੍ਹਾਂ ਨੂੰ ਅੰਤਿਮ ਵਦਾਇਗੀ ਦਿਤੀ। ਨਿਹੰਗ ਸਿੰਘਾਂ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਉਨ੍ਹਾਂ ਦੀ ਦੇਹ ਤੇ ਫੁੱਲ ਮਾਲਾ ਤੇ ਦੁਸ਼ਾਲੇ ਭੇਟ ਕੀਤੇ। ਉਨ੍ਹਾਂ ਦੇ ਪੰਜ ਤੱਤਕ ਭੂਤਕ ਦੇਹ ਨੂੰ ਅਗਨੀ ਬਾਬਾ ਜੋਗਾ ਸਿੰਘ ਨੇ ਅਰਦਾਸ ਉਪਰੰਤ ਦਿਤੀ। ਇਸ ਸਮੇਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਅਵਤਾਰ ਸਿੰਘ ਮੁਖੀ ਬਾਬਾ ਬਿਧੀਚੰਦ ਸਾਹਿਬ ਸੰਪਰਦਾਇ ਤਰਨਾ ਦਲ ਸੁਰ ਸਿੰਘ, ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ ਵਾਲੇ, ਬਾਬਾ ਮੇਜਰ ਸਿੰਘ ਦਸ਼ਮੇਸ਼ ਤਰਨਾਦਲ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ਼ ਵਾਲੇ, ਬਾਬਾ ਜੀਤ ਸਿੰਘ ਜੌਹਲਾਂ ਵਾਲੇ, ਸਰਦਾਰ ਮਨਜੀਤ ਸਿੰਘ ਭੌਮਾ ਧਰਮ ਪ੍ਰਚਾਰ ਕਮੇਟੀ ਦਿਲੀ, ਬਾਬਾ ਰਘੂਬੀਰ ਸਿੰਘ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਬੁੱਧ ਸਿੰਘ ਨਿੱਕੇ ਘੁੰਮਣ, ਬਾਬਾ ਹਰਜੀਤ ਸਿੰਘ ਮਹਿਤਾ ਚੌਂਕ, ਬਾਬਾ ਦਿਲਜੀਤ ਸਿੰਘ ਬੇਦੀ, ਬਾਬਾ ਬਲਦੇਵ ਸਿੰਘ ਢੋਡੀ ਵਿੰਡ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਸ਼ਿੰਦਾ ਸਿੰਘ ਭਿਖੀਵਿੰਡ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਅਤੇ ਅਨੇਕਾਂ ਹੀ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦੇ ਬਾਬਾ ਗੱਜਣ ਸਿੰਘ ਦੀ ਅੰਤਿਮ ਯਾਤਰਾ ਸਮੇਂ ਹਾਜ਼ਰ ਸਨ। ਯਾਦ ਰਹੇ ਕਿ ਬਾਬਾ ਗੱਜਣ ਸਿੰਘ ਦਿਲ ਦੇ ਰੋਗ ਤੋਂ ਪੀੜ੍ਹਤ ਸਨ ਅਤੇ ਫੋਰਟਿਸ ਐਕਸਕਾਰਟ ਹਸਪਤਾਲ ਵਿਚ ਡਾਕਟਰਾਂ ਦੇ ਜੇਰੇ ਇਲਾਜ ਰਹੇ। ਇਥੇ ਹੀ ਉਨ੍ਹਾਂ ਨੇ ਆਪਣੇ ਅੰਤਿਮ ਸੁਆਸ ਲਏ।




# ਡਾ: ਜਸਵਿੰਦਰ ਸਿੰਘ ਢਿੱਲੋਂ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਰਾਸ਼ਟਰੀ ਸਲਾਹਕਾਰ ਨਿਯੁਕਤ

ਅੰਮ੍ਰਿਤਸਰ - ਕੌਮੀ ਘੱਟ ਗਿਣਤੀ ਕਮਿਸ਼ਨ, ਭਾਰਤ ਸਰਕਾਰ ਦੇ ਚੇਅਰਮੈਨ ਸ: ਇਕਬਾਲ ਸਿੰਘ ਲਾਲਪੁਰਾ ਨੇ ਇਕ ਅਹਿਮ ਨਿਯੁਕਤੀ ਕਰਦਿਆਂ ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਵਾਈਸ ਚਾਂਸਲਰ ਡਾ: ਜਸਵਿੰਦਰ ਸਿੰਘ ਢਿੱਲੋਂ ਨੂੰ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਿਤ ਮੁੱਦਿਆਂ ‘ਤੇ ਕਮਿਸ਼ਨ ਨੂੰ ਸਲਾਹ ਦੇਣ ਲਈ ਰਾਸ਼ਟਰੀ ਪੱਧਰ ‘ਤੇ ਸਲਾਹਕਾਰ ਨਾਮਜ਼ਦ ਕੀਤਾ ਹੈ। ਸਰਕਾਰ ਦੇ ਅੰਡਰ ਸੈਕਟਰੀ ਸ਼ਰੀਕ ਸਾਈਦ ਨੇ ਉਨ੍ਹਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤਾ ਹੈ। ਕਮਿਸ਼ਨ ਦੇ ਸਲਾਹਕਾਰ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਦੱਸਿਆ ਕਿ ਉੱਘੇ ਵਿੱਦਿਆ ਸ਼ਾਸਤਰੀ ਡਾ: ਜਸਵਿੰਦਰ ਸਿੰਘ ਢਿੱਲੋਂ ਗੁਰੂ ਕਾਂਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਵਾਈਸ ਚਾਂਸਲਰ ਰਹੇ ਹਨ। ਉਹ ਵਰਡ ਕੈਂਸਰ ਸੁਸਾਇਟੀ ਯੂ.ਕੇ ਦੇ ਮੁੱਖ ਸਲਾਹਕਾਰ ਵਜੋਂ ਆਪਣੀ ਸੁਹਿਰਦ ਸ਼ਖ਼ਸੀਅਤ, ਬੇਮਿਸਾਲ ਪ੍ਰਬੰਧਕੀ ਹੁਨਰ ਅਤੇ ਦੂਰਅੰਦੇਸ਼ੀ ਵਿਚਾਰਾਂ ਨਾਲ ਇੱਕ ਮਹੱਤਵਪੂਰਨ ਭੂਮਿਕਾ ਤੋਂ ਇਲਾਵਾ ਇਸ ਵਕਤ ਭਾਜਪਾ ਵੱਲੋਂ ਲੋਕ ਸਭਾ ਹਲਕਾ ਗੁਰਦਾਸਪੁਰ (ਪ੍ਰਵਾਸ ਯੋਜਨਾ) ਦੇ ਇੰਚਾਰਜ, ਪੰਜਾਬ ਭਾਜਪਾ ਦੇ ਕੋਰ ਕਮੇਟੀ ਦੇ ਮੈਂਬਰ, ਮੈਂਬਰ ਅਨੁਸ਼ਾਸਨ ਕਮੇਟੀ, ਭਾਜਪਾ ਬੁੱਧੀਜੀਵੀ ਸੈੱਲ ਦੇ ਸਹਿ-ਕੋਆਰਡੀਨੇਟਰ ਅਤੇ ਮੋਦੀ -20 ਸਕੀਮ ਦੇ ਇੰਚਾਰਜ ਵਜੋਂ ਵੀ ਸੇਵਾ ਨਿਭਾ ਰਹੇ ਹਨ। ਉਹ ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਅਤੇ ਜਨਰਲ ਸਕੱਤਰ ਵੀ ਹਨ। ਬੀ. ਐੱਡ, ਐਮ. ਏ. ਅਤੇ ਐੱਮ.ਫਿਲ ਆਦਿ ਵਿੱਚ



ਪਹਿਲਾ ਸਥਾਨ ਲੈ ਕੇ ਚਾਰ ਵਾਰ ਸੋਨ ਤਗਮੇ ਜਿੱਤਣ ਦਾ ਸ਼ਾਨਦਾਰ ਅਕਾਦਮਿਕ ਰਿਕਾਰਡ ਬਣਾਉਣ ਵਾਲੇ ਡਾ: ਢਿੱਲੋਂ ਰਾਜ ਅਤੇ ਰਾਸ਼ਟਰੀ ਪੱਧਰ ‘ਤੇ ਅਧਿਆਪਕ ਸਿੱਖਿਆ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਬਣਾਉਣ ਅਤੇ ਲਾਗੂ ਕਰਨ ‘ਚ ਮੋਹਰੀ ਰਹੇ ਹਨ। ਡਾ. ਢਿੱਲੋਂ ਖ਼ਾਲਸਾ ਯੂਨੀਵਰਸਿਟੀ ਅੰਮ੍ਰਿਤਸਰ ਦੇ ਰਜਿਸਟਰਾਰ, ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਅੰਮ੍ਰਿਤਸਰ ਦੇ ਪ੍ਰਿੰਸੀਪਲ, ਅਕਾਦਮਿਕ ਸਟਾਫ਼ ਕਾਲਜ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਿਪਟੀ ਡਾਇਰੈਕਟਰ, ਫੈਕਲਟੀ ਆਫ਼ ਐਜੂਕੇਸ਼ਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡੀਨ ਅਤੇ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਆਨਰੇਰੀ ਸਕੱਤਰ ਐਜੂਕੇਸ਼ਨ ਦੇ ਤੌਰ ‘ਤੇ ਵੱਕਾਰੀ ਅਹੁਦਿਆਂ ‘ਤੇ ਕੰਮ ਕਰ ਚੁੱਕੇ ਹਨ। ਉਨ੍ਹਾਂ ਨੇ ਭਾਰਤੀ ਕਲਾ ਅਤੇ ਸਭਿਆਚਾਰ ਦੀ ਸੰਭਾਲ ਅਤੇ ਤਰੱਕੀ ਲਈ ਲਗਾਤਾਰ ਕੰਮ ਕੀਤਾ ਹੈ ਅਤੇ ਉੱਤਰੀ ਜ਼ੋਨ ਕਲਚਰ ਦੇ ਸਹਿਯੋਗ ਨਾਲ ਰਾਸ਼ਟਰੀ ਪੱਧਰ ‘ਤੇ ਛੇ ਅੰਤਰਰਾਸ਼ਟਰੀ ਲੋਕ ਸਭਾਵਾਂ ਅਤੇ ਕਈ ਤਿਉਹਾਰਾਂ ਦਾ ਆਯੋਜਨ ਕੀਤਾ ਹੈ। ਰਾਸ਼ਟਰੀ ਸਲਾਹਕਾਰ ਵਜੋਂ ਨਿਯੁਕਤੀ ‘ਤੇ ਡਾ: ਢਿੱਲੋਂ ਨੇ ਸ: ਇਕਬਾਲ ਸਿੰਘ ਲਾਲਪੁਰਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਭਾਰਤ ਦੀਆਂ ਘਟ ਗਿਣਤੀ ਭਾਈਚਾਰਿਆਂ ਦੀਆਂ ਸਮੱਸਿਆਵਾਂ ਅਤੇ ਵਿਸ਼ੇਸ਼ ਕਰਕੇ ਵਿੱਦਿਅਕ ਮਾਮਲਿਆਂ ਨੂੰ ਸਰਕਾਰ ਤਕ ਪਹੁੰਚਾਉਣ ਤੋਂ ਇਲਾਵਾ ਮੁਕਾਬਲੇ ਦੇ ਇਮਤਿਹਾਨਾਂ ਵਿਚ ਘਟ ਗਿਣਤੀਆਂ ਦੇ ਘੱਟ ਰਹੀ ਭੂਮਿਕਾ ਨੂੰ ਸੁਧਾਰਨ ਲਈ ਕੰਮ ਕਰਨਗੇ।


ਵਧੀਆ ਕੱਪੜਿਆਂ ਦਾ ਬਾਦਸ਼ਾਹ

Overseas Fabrics

ਓਵਰਸੀਜ਼ ਫੈਬਰਿਕਸ

Abbotsford B.C

ਐਬਟਸਫੋਰਡ, ਬੀ ਸੀ



ਆਓ ਲੁੱਟ ਕੇ ਲੈ ਜਾਓ

ਜ਼ਿੰਮੀਦਾਰਾਂ ਦਾ ਬਹੁਤ ਹੀ ਵਧੀਆ ਅਤੇ ਬਹੁਤ ਵੱਡਾ

ਕੱਪੜਿਆਂ ਦਾ ਸਟੋਰ

ਬਹੁਤ ਭਾਰੀ ਸੇਲ

ਕੰਬਲ, ਕੋਟੀਆਂ, ਜੈਕਟਾਂ, ਖੁੱਲਾ ਕੱਪੜਾ, ਗਰਮ ਸੂਟਾਂ ਦਾ ਕੱਪੜਾ, ਸ਼ਨੀਲ, ਵੈਲਵਟ ਤੇ ਹੋਰ ਨਵੀਂ ਨਵੀਂ ਵਰਾਇਟੀ ਦਾ ਕੱਪੜਾ।

ਆਓ ਤੇ ਕਾਰਾਂ ਭਰ ਕੇ ਲੈ ਜਾਓ, ਟਰੱਕ ਵੀ ਭਰ ਸਕਦੇ ਹੋ।

Contact Us 604-864-8100

Email:overseasfabrics@gmail.com, www.overseasfabrics.com

Head Office:32853 Ventura Ave Abbotsford, BC V2S 6A3 Canada

Crazy Fabric Warehouse
Phone: 780-340-3474
Address: 9123 35 Ave NW, Edmonton, AB T6E 5Y1, Canada

Overseas Fashion & Fabrics
Phone: 204-779-9900
Address: 829 Ellice Ave, Winnipeg, MB R3G 0C3, Canada



## ਯਾਦਾਂ ਦੇ ਝਰੋਖੇ 'ਚੋਂ

**(ਨੈਣਾਂ)**





# ਬੋਲਣ ਵਾਲਾ ਗੁੱਡਾ ਤੇ ਮਾਂ ਸ਼ਕਤੀ...



ਡਾ: ਪ੍ਰਿਤਪਾਲ ਕੌਰ ਚਾਹਲ
(ਪੀ.ਏ.ਯੂ. ਲੁਧਿਆਣਾ/ ਵਿੰਨੀਪੈਗ)

ਨੈਣਾਂ ਦੀ ਬੀ ਐੱਸ ਸੀ ਦੀ ਸਹੇਲੀ ਛੋਟੀ ਮਿਲਣ ਆਈ ਤਾਂ ਉਸਦੀਆਂ ਛੋਟੀਆਂ ਛੋਟੀਆਂ ਦੋਵੇਂ ਕੁੜੀਆਂ ਪਾਲ ਨੂੰ ਕੋਈ ਖਿਡੌਣਾ (ਜਪਾਨੀ ਗੁੱਡਾ) ਸਮਝ ਕੇ ਉਸਦੇ ਦਵਾਲੇ ਹੋ ਗਈਆਂ। ਕਦੀ ਉਸਦੇ ਵਾਲ ਪੁੱਟਣ ਤੇ ਕਦੀ ਉਸਦੀਆਂ ਗੋਭਲੀਆਂ ਗੋਭਲੀਆਂ ਲੱਤਾਂ ਬਾਹਾਂ ਤੇ ਚੂੰਡੀਆਂ ਵੱਢਣ ਤੇ ਕਦੀ ਉਸਦੇ ਹੱਥਾਂ ਪੈਰਾਂ ਦੀਆਂ ਉਂਗਲਾਂ ਫੜ ਫੜ ਦੇਖਣ। ਕੁੱਝ ਕੁ ਦੇਰ ਤੱਕ ਤਾਂ ਪਾਲ ਬਰਦਾਸ਼ਤ ਕਰਦਾ ਰਿਹਾ ਤੇ ਪਰ ਫਿਰ ਸ਼ਾਇਦ ਬੇਧਿਆਨੀ ਵਿੱਚ ਬੱਚੀਆਂ ਤੋਂ ਜ਼ੋਰ ਦੀ ਚੂੰਢੀ ਵੱਢੀ ਗਈ ਤੇ ਪਾਲ ਦੀ ਚੀਕ ਨਿਕਲ ਗਈ। ਸੁਣਦਿਆਂ ਸਾਰ ਦੋਵੇਂ ਕੁੜੀਆਂ, "ਇਹ ਤਾਂ ਬੋਲਦਾ ਹੈ, ਇਹ ਗੁੱਡਾ ਤਾਂ ਬੋਲਦਾ ਹੈ".... ਕਹਿੰਦੀਆਂ ਹੈਰਾਨੀ ਵਿੱਚ ਚੀਕਦੀਆਂ ਹੋਈਆਂ ਮਾਂ ਵੱਲ ਭੱਜ ਉੱਠੀਆਂ। ਸੁਣ ਕੇ ਨੈਣਾਂ ਸਮੇਤ ਸੱਭ ਦਾ ਹੱਸ ਹੱਸ ਕੇ ਬੁਰਾ ਹਾਲ ਹੋ ਗਿਆ। ਪਾਲ ਜਿੰਨ੍ਹਾਂ ਜਗਿਆਸੂ ਅਤੇ ਬੇਹੱਦ ਬਰੀਕੀ ਨਾਲ ਹਰ ਚੀਜ਼ ਨੂੰ ਸਮਝਣ ਤੇ ਉਸ ਵਿੱਚ ਦਿਲਚਸਪੀ ਰੱਖਣ ਤੇ ਇੰਨ੍ਹ ਬਿੰਨ੍ਹ ਉਸ ਚੀਜ਼ ਦੇ ਕੰਮਾਂ ਦੀ ਨਕਲ ਕਰਨ ਵਾਲਾ ਅਤੇ ਬਾਕਮਾਲ ਯਾਦਦਾਸ਼ਤ ਵਾਲਾ ਬੱਚਾ ਨੈਣਾਂ ਦੀਆਂ ਨਜ਼ਰਾਂ ਹੇਠੋਂ ਦੂਸਰਾ ਨਹੀਂ ਗੁਜ਼ਰਿਆ। ਅਮਰੂਦਾਂ ਅਤੇ ਅਨਾਰਾਂ ਦੇ ਬੂਟੇ ਉੱਤੇ ਹਰੇ ਤੇ ਪੀਲੇ ਟਿੱਡਿਆਂ ਦੀਆਂ ਹਰਕਤਾਂ ਦੀ ਨਕਲ ਕਰਨ ਵਿੱਚ ਅਤੇ ਉਹਨਾਂ ਨੂੰ ਸਮਝਣ ਵਿੱਚ ਮਾਹਿਰ ਪਾਲ ਹੁਣ ਵੀ ਅਜਿਹਾ ਹੀ ਹੈ। ਬਚਪਨ ਤੋਂ ਹੀ ਡਰ ਨਾਂ ਦੀ ਚੀਜ਼ ਉਸਦੇ ਨੇੜਿਉਂ ਵੀ ਨਹੀਂ ਗੁਜ਼ਰੀ। ਗਰਮੀਆਂ ਵਿੱਚ ਬਿਜਲੀ ਦੇ ਚਲੇ ਜਾਣ ਦੀ ਸੂਰਤ ਵਿੱਚ ਹਨੇਰੇ ਕਮਰੇ ਵਿੱਚੋਂ ਮੋਮਬੱਤੀ ਤੇ ਮਾਚਿਸ ਲੱਭ ਕੇ ਲਿਆਉਣ ਲੱਗਿਆਂ ਉਸਨੂੰ ਹਨੇਰੇ ਤੋਂ ਕਦੀ ਡਰ ਨਹੀਂ ਲੱਗਾ। ਨੈਣਾਂ ਦੇ ਉਸਨੂੰ ਪੁੱਛਣ ਤੇ ਕਿ ਕੀ ਤੈਨੂੰ ਹਨੇਰੇ ਤੋਂ ਡਰ ਨਹੀਂ ਲੱਗਾ ? ਤਾਂ ਉਲਟਾ ਉਹੀ ਉਸਨੂੰ ਸਵਾਲ ਕਰ ਦਿੰਦਾ ਕਿ, "ਡਰ ਕੀ ਹੁੰਦਾ ਹੈ ? ? ਇਹੀ ਹਾਲ ਪੜ੍ਹਾਈ ਵੇਲੇ ਰਿਹਾ। ਪੇਪਰਾਂ ਦਾ ਡਰ ਜੇਕਰ ਉਸਨੂੰ ਕਦੀ ਲੱਗਾ ਵੀ ਹੈ ਤਾਂ ਉਸਨੇ ਕਦੀ ਦੱਸਿਆ ਨਹੀਂ। ਇੱਕ ਵਾਰ ਗਰਮੀਆਂ ਵਿੱਚ ਦਾਰਜੀਲਿੰਗ ਗਏ ਤਾਂ ਦੁਨੀਆਂ ਦੇ ਸੱਭ ਤੋਂ ਉੱਚੇ ਪਹਾੜ ਦੀ ਚੋਟੀ ਮਾਊਂਟ ਐਵਰੈਸਟ (8849 ਮੀਟਰ) ਨੂੰ ਫਤਿਹ (ਸਰ) ਕਰਨ ਵਾਲੀ ਪਹਿਲੀ ਜੋੜੀ ਤੇਨਜ਼ਿੰਗ ਨੌਰਗ਼ੇ ਅਤੇ ਐਡਮੰਡ ਹਿਲੇਰੀ ਦੇ ਟ੍ਰੇਨਿੰਗ ਸਕੂਲ ਦੀ ਸੱਭ ਤੋਂ ਉੱਚੀ ਪਹਾੜੀ ਉੱਤੇ ਪਾਲ ਪਤਾ ਨਹੀਂ ਕਿਹੜੇ ਵੇਲੇ ਰਵਾਂ ਰਵੀਂ ਚੜ੍ਹ ਗਿਆ ਤੇ "ਜੈ ਹਿੰਦ" ਦਾ ਨਾਅਰਾ ਬੁਲੰਦ ਕਰਕੇ ਸੱਭ ਦਾ ਧਿਆਨ ਆਪਣੀ ਵੱਲ ਖਿੱਚ ਲਿਆ। ਨੈਣਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਪਾਲ ਚੜ੍ਹ ਤਾਂ ਗਿਆ ਪਰ ਉਤਰਨਾ ਨਾ ਆਵੇ। ਸੱਭ ਦੇ ਸਾਹ ਸੁੱਕ ਗਏ। ਸਕੂਲ ਦੇ ਡਾਇਰੈਕਟਰ ਸਾਹਿਬ ਨੇ ਬੜੇ ਹੀ ਸਬਰ ਅਤੇ ਢੰਗ ਬਣਾ ਨਾਲ ਉਸਨੂੰ ਹੌਲੀ ਹੌਲੀ ਸਮਝਾ ਬੁਝਾ ਕੇ ਹੇਠਾਂ ਉਤਾਰਿਆ। ਉਹ ਪਾਲ ਤੋਂ ਐਨਾ ਪ੍ਰਭਾਵਿਤ ਹੋਏ ਕਿ ਉਹ ਉਸਨੂੰ ਉੱਥੇ ਹੀ ਛੱਡ ਜਾਣ ਲਈ ਕਹਿਣ ਲੱਗ ਪਏ। ਉਹਨਾਂ ਨੂੰ ਉਸ ਵਿੱਚੋਂ ਬਹੁਤ ਸੰਭਾਵਨਾਵਾਂ ਨਜ਼ਰ ਆ ਰਹੀਆਂ ਸਨ। ਹੌਲੀ ਹੌਲੀ ਪਾਲ ਬੋਲਣਾ ਸਿੱਖਣ ਲੱਗਾ ਤਾਂ ਪਹਿਲਾ ਸ਼ਬਦ 'ਮਾਂ' ਕਹਿਣ ਦੀ ਥਾਂ ਉਸਨੂੰ 'ਦਾਦਾ', 'ਬਾਬਾ', ਕਹਿਣਾ ਜ਼ਿਆਦਾ ਆਸਾਨ ਲੱਗਦਾ। ਹੋਰ ਤਾਂ ਹੋਰ ਉਹ ਬੜੀ ਆਸਾਨੀ ਨਾਲ 'ਵਿੱਕਾ' ਨੂੰ 'ਡਿੰਗਬਿਆ' ਕਹਿ ਕੇ ਬੁਲਾਉਂਦਾ। ਪਰ ਨੈਣਾਂ ਨੂੰ 'ਮਾਂ' ਨਾ ਕਹਿੰਦਾ ਨੈਣਾਂ ਬੜਾ ਟੁੱਟ ਕੇ ਚਾਹੁੰਦੀ ਕਿ ਉਹ ਉਸਨੂੰ 'ਮਾਂ' ਕਹੇ ਪਰ ਉਹ ਔਖੇ ਤੋਂ ਔਖਾ ਸ਼ਬਦ ਬੜੀ ਆਸਾਨੀ ਨਾਲ ਬੋਲ ਲੈਂਦਾ ਪਰ 'ਮਾਂ' ਸ਼ਬਦ ਨਾ ਕਹਿੰਦਾ। ਇੱਕ ਦਿਨ ਨੈਣਾਂ ਫੁਲਕੇ ਬਣਾ ਰਹੀ ਸੀ ਤੇ ਪਾਲ ਡਰਾਇੰਗ ਰੂਮ ਵਿੱਚ ਖੇਡ ਰਿਹਾ ਸੀ। ਡਰਾਇੰਗ ਰੂਮ ਦਾ ਦਰਵਾਜ਼ਾ ਖੁੱਲ੍ਹਾ ਪਿਆ ਸੀ। ਪਾਲ ਨਵਾਂ ਨਵਾਂ ਤੁਰਨਾ ਸਿੱਖਿਆ ਸੀ। ਅਚਾਨਕ 'ਮਾਂ' 'ਮਾਂ' ਕਰਦਾ ਤੇ ਵਿੰਗੇ ਟੇਢੇ ਪੈਰ ਰੱਖਦਾ ਉਹ ਡਰਾਇੰਗ ਰੂਮ ਦੇ ਦਰਵਾਜ਼ੇ ਵੱਲ ਨੂੰ ਭੱਜ ਉੱਠਿਆ। ਪਾਲ ਦੇ ਮੂੰਹੋਂ 'ਮਾਂ' ਸ਼ਬਦ ਸੁਣ ਕੇ ਖ਼ੁਸ਼ੀ ਨਾਲ ਨੈਣਾਂ ਦੇ ਹੱਥੋਂ ਪੇੜਾ ਛੁੱਟ ਗਿਆ। ਉਹ ਤੇਜ਼ੀ ਨਾਲ ਡਰਾਇੰਗ ਰੂਮ ਵੱਲ ਅਹੁਲੀ। ਪਰ ਸਾਹਮਣੇ ਦੇਖਦਿਆਂ ਹੀ ਉਸਦੀ ਸਾਰੀ ਖ਼ੁਸ਼ੀ ਕਾਫ਼ੂਰ ਹੋ ਗਈ। ਕਿਉਂਕਿ ਪਾਲ ਨੈਣਾਂ ਨੂੰ 'ਮਾਂ' ਨਹੀਂ ਕਹਿ ਰਿਹਾ ਸੀ ਸਗੋਂ ਡਰਾਇੰਗ ਰੂਮ ਦੇ ਦਰਵਾਜ਼ੇ ਵਿੱਚ ਖੜ੍ਹੀ ਬਿੱਲੀ ਨੂੰ ਦੇਖ ਕੇ ਸ਼ਾਇਦ ਮਾਂਊਂ ਮਾਂਊਂ ਕਹਿਣਾ ਚਾਹ ਰਿਹਾ ਸੀ। ਭਰ ਗਰਮੀਆਂ ਦੇ ਦਿਨ ਸਨ। ਰਾਤ ਦਾ ਵੇਲਾ ਸੀ। ਸਾਰੇ ਜਣੇ ਧੁਰ ਕੋਠੇ ਤੇ ਸੀਮਿੰਟ ਦੇ ਬਣੇ ਪੱਕੇ ਮੰਜੇਨੁਮਾ ਬੈਂਚਾਂ ਤੇ ਬੈਠੇ ਹੱਸ ਖੇਡ ਰਹੇ ਸਨ। ਸ਼ਾਮ ਨੂੰ ਹੀ

ਬਚਪਨ ਤੋਂ ਹੀ ਡਰ ਨਾਂ ਦੀ ਚੀਜ਼ ਉਸਦੇ ਨੇੜਿਉਂ ਵੀ ਨਹੀਂ ਗੁਜ਼ਰੀ। ਗਰਮੀਆਂ ਵਿੱਚ ਬਿਜਲੀ ਦੇ ਚਲੇ ਜਾਣ ਦੀ ਸੂਰਤ ਵਿੱਚ ਹਨੇਰੇ ਕਮਰੇ ਵਿੱਚੋਂ ਮੋਮਬੱਤੀ ਤੇ ਮਾਚਿਸ ਲੱਭ ਕੇ ਲਿਆਉਣ ਲੱਗਿਆਂ ਉਸਨੂੰ ਹਨੇਰੇ ਤੋਂ ਕਦੀ ਡਰ ਨਹੀਂ ਲੱਗਾ। ਨੈਣਾਂ ਦੇ ਉਸਨੂੰ ਪੁੱਛਣ ਤੇ ਕਿ ਕੀ ਤੈਨੂੰ ਹਨੇਰੇ ਤੋਂ ਡਰ ਨਹੀਂ ਲੱਗਾ ? ਤਾਂ ਉਲਟਾ ਉਹੀ ਉਸਨੂੰ ਸਵਾਲ ਕਰ ਦਿੰਦਾ ਕਿ, "ਡਰ ਕੀ ਹੁੰਦਾ ਹੈ ? ?

ਤੰਦੂਰ ਬਾਲ ਕੇ ਨੈਣਾਂ ਨੇ ਦਾਲ ਸਬਜ਼ੀ ਤੰਦੂਰ ਤੇ ਹੀ ਬਣਾ ਲਈ ਸੀ। ਸ਼ੁਰੂ ਤੋਂ ਹੀ ਗਰਮ ਗਰਮ ਤੰਦੂਰੀ ਰੋਟੀਆਂ ਸੱਭ ਨੂੰ ਹੀ ਬਹੁਤ ਪਸੰਦ ਸਨ। ਖਾਣਾ ਵਾਣਾ ਖਾਹ ਕੇ ਸਾਰੇ ਜਣੇ ਉੱਪਰ ਹੀ ਸੌਣ ਦੀ ਸੋਚ ਹੀ ਰਹੇ ਸਨ ਕਿ ਅਚਾਨਕ ਅਸਮਾਨ ਵਿੱਚ ਬੜੀ ਗਹਿਰੀ ਗਹਿਰ ਜਿਹੀ ਚੜ੍ਹੀ ਤੇ ਤੇਜ਼ ਹਨੇਰੀ ਵਗਣ ਤੇ ਝੱਖੜ ਤੂਫ਼ਾਨ ਨਾਲ ਸਾਰਾ ਮੌਸਮ ਹੀ ਬਦਲ ਗਿਆ। ਕਾਲੇ ਛਾਹ ਬੱਦਲਾਂ ਵਿੱਚ ਜਿਉਂ ਹੀ ਬਿਜਲੀ ਕੜਕੀ, ਮੋਹਲਾਧਾਰ ਮੀਂਹ ਪੈਣਾ ਸ਼ੁਰੂ ਹੋ ਗਿਆ। ਸਾਰੇ ਜਣੇ ਹੇਠਾਂ ਆਪਣੇ ਆਪਣੇ ਕਮਰਿਆਂ ਵਿੱਚ ਜਾ ਵੜੇ। ਉਂਝ ਵੀ ਨੈਣਾਂ ਨੂੰ ਬਿਜਲੀ ਦੇ ਕੜਕਣ ਤੋਂ ਬਹੁਤ ਡਰ ਲੱਗਦਾ ਹੈ। ਦੋ ਤਿੰਨ ਘੰਟੇ ਲਗਾਤਾਰ ਮੀਂਹ ਪੈਂਦਾ ਰਿਹਾ। ਮਿੱਟੀ ਤੇ ਕੱਖ ਕਾਣ ਪਰਨਾਲਿਆਂ ਵਿੱਚ ਫਸਣ ਕਾਰਨ ਸਾਰੇ ਪਰਨਾਲੇ ਬੰਦ ਹੋ ਗਏ ਤੇ ਪਾਣੀ ਕਮਰਿਆਂ ਅੰਦਰ ਦਾਖਲ ਹੋਣਾ ਸ਼ੁਰੂ ਹੋ ਗਿਆ। ਪਰਨਾਲੇ ਖੋਲ੍ਹਣ ਲਈ ਕੋਠੇ ਤੇ ਜਾਣਾ ਜ਼ਰੂਰੀ ਸੀ। ਪਾਲ ਨੂੰ ਨਾਲ ਜਾਣ ਲਈ ਉਠਾਇਆ ਤਾਂ ਕੁਣ ਮੁਣਾ ਕੇ ਉਹ ਫੇਰ ਸੌਂ ਗਿਆ। ਨੈਣਾਂ ਨੇ ਫਿਰ ਜਗਾਇਆ ਤਾਂ ਕਸਮਸਾ ਕੇ ਉਹ ਫਿਰ ਸੌਂ ਗਿਆ। ਨੈਣਾਂ ਨੂੰ ਗੁੱਸਾ ਚੜ੍ਹ ਗਿਆ। ਉਸਨੇ ਉਸਦੇ ਇੱਕ ਲਗਾ ਦਿੱਤੀ ਤੇ ਬੁੜ੍ਹ ਬੁੜ੍ਹ ਕਰਦੀ ਪਰਨਾਲੇ ਖੋਲ੍ਹਣ ਲਈ ਕੋਠੇ ਜਾ ਚੜ੍ਹੀ। ਸਵੇਰੇ ਉੱਠ ਕੇ ਪਾਲ ਵਿੱਕਾ ਨੂੰ ਕਹਿਣ ਲੱਗਾ, "ਡਿੰਗਬਿਆ ਦੀਦੀ ਰਾਤੀਂ 'ਮਾਂ ਸ਼ਕਤੀ' ਮੇਰੇ ਸੁਪਨੇ ਵਿੱਚ ਆਈ ਸੀ।" ਅੱਗੋਂ ਉਹ ਕਹਿੰਦੀ ਕਿ,"ਜ਼ਰੂਰ 'ਕਾਲੀ ਮਾਤਾ' ਹੋਵੇਗੀ।"

(ਨੈਣਾਂ ਦੇ ਰੰਗ ਕਰਕੇ ਘਰ ਦੇ ਉਸਨੂੰ 'ਕਾਲੀ ਮਾਤਾ' ਵੀ ਕਹਿੰਦੇ ਹਨ)

...ਚਲਦਾ













# ਕੈਲਗਰੀ 'ਚ 'ਦਿੱਲੀ ਰੋਡ 'ਤੇ ਇਕ ਹਾਦਸਾ' ਦਾ ਸਫਲ ਪ੍ਰਦਸ਼ਨ !

ਕੈਲਗਰੀ-ਉੱਘੀ ਥੀਏਟਰ ਕਲਾਕਾਰ ਤੇ ਪੰਜਾਬੀ ਫਿਲਮ ਐਕਟਰ ਅਨੀਤਾ ਸਬਦੀਸ਼ ਵਲੋਂ ਪਾਲੀ ਭੁਪਿੰਦਰ ਸਿੰਘ ਦੇ ਲਿਖੇ



ਨਾਟਕ 'ਦਿੱਲੀ ਰੋਡ ਤੇ ਇੱਕ ਹਾਦਸਾ' ਨਾਟਕ ਦਾ ਸਫਲ ਪ੍ਰਦਰਸ਼ਨ ਕੀਤਾ।ਸੈਂਟਰਲ ਲਾਇਬ੍ਰੇਰੀ ਕੈਲਗਰੀ ਡਾਊਨਟਾਊਨ ਦੇ ਦਰਸ਼ਕਾਂ ਨਾਲ਼ ਖਚਾ-ਖਚ ਭਰੇ ਥੀਏਟਰ ਵਿੱਚ ਦਰਸ਼ਕਾਂ ਨੇ ਸਾਹ ਰੋਕ ਇੱਕ



ਘੰਟਾ ਅਨੀਤਾ ਦੀ ਕਮਾਲ ਦੀ ਕਲਾਕਾਰੀ ਦਾ ਅਨੰਦ ਮਾਣਿਆ। ਇਹ ਇੱਕ ਸੋਲੋ ਨਾਟਕ ਸੀ, ਜਿਸ ਵਿੱਚ ਅਨੀਤਾ ਨੇ ਵੱਖ-ਵੱਖ ਔਰਤਾਂ ਦੇ ਕਿਰਦਾਰ ਨਿਭਾਏ ਅਤੇ ਸਮਾਜ ਵਿੱਚ ਔਰਤਾਂ ਦੇ ਹਾਲਾਤਾਂ ਦੀ ਵੇਦਨਾ ਨੂੰ ਪ੍ਰਗਟ ਕੀਤਾ ਗਿਆ।ਬੇਸ਼ਕ ਨਾਟਕ ਦਾ ਵਿਸ਼ਾ ਕਾਫੀ ਗੰਭੀਰ ਸੀ, ਪਰ ਦਰਸ਼ਕਾਂ ਨੇ ਸਾਰਾ ਨਾਟਕ ਬੜੀ ਨੀਝ ਨਾਲ਼ ਦੇਖਿਆ। 'ਪ੍ਰੋਗਰੈਸਿਵ ਕਲਚਰਲ਼ ਐਸੋਸੀਏਸ਼ਨ ਕੈਲਗਰੀ' ਅਤੇ 'ਸਿੱਖ ਵਿਰਸਾ ਇੰਟਰਨੈਸ਼ਨਲ' ਵਲੋਂ ਇਹ ਸਮਾਗਮ 8 ਮਾਰਚ ਦੇ 'ਕੌਮਾਂਤਰੀ ਨਾਰੀ ਦਿਵਸ' ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ 23 ਮਾਰਚ ਦੀਆਂ ਸ਼ਹੀਦੀਆਂ ਨੂੰ ਸਮਰਪਿਤ ਕੀਤਾ ਗਿਆ ਸੀ।ਇਸ ਮੌਕੇ ਤੇ ਕੈਮਲੂਪਸ ਤੋਂ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ ਤੇ ਪਹੁੰਚੇ ਲੇਖਕ, ਨਾਟਕ ਨਿਰਦੇਸ਼ਕ ਤੇ ਆਲੋਚਕ ਡਾ. ਸੁਰਿੰਦਰ ਧੰਜਲ ਨੇ 'ਕੌਮਾਂਤਰੀ ਨਾਰੀ ਦਿਵਸ ਦੀ ਸਭਿਆਚਾਰਕ ਮਹੱਤਤਾ' ਵਿਸ਼ੇ ਤੇ ਵਿਸ਼ੇਸ਼ ਲੈਕਚਰ ਪੇਸ਼ ਕੀਤਾ। ਉਨ੍ਹਾਂ ਆਪਣੇ ਲੈਕਚਰ ਵਿੱਚ ਦਰਸ਼ਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਨਾਰੀ ਵਿਰੋਧੀ ਸਭਿਆਚਾਰ ਦੇ ਬਦਲ ਵਜੋਂ ਆਪਣੀਆਂ ਪੰਜਾਬੀ ਬੋਲੀਆਂ ਨੂੰ ਬੰਦ ਕਰਕੇ ਨਵੀਂਆਂ ਬੋਲੀਆਂ ਪ੍ਰਚਲਤ ਕਰਨੀਆਂ ਚਾਹੀਦੀਆਂ ਹਨ।ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਪੰਜਾਬੀ ਬੋਲੀ, 'ਨੀ ਮੈਂ ਸੱਸ ਕੁੱਟਣੀ, ਕੁੱਟਣੀ ਸਦੂਕਾਂ ਓਹਲੇ' ਦੀ ਥਾਂ ਇਹ ਬੋਲੀ ਪ੍ਰਚਰਲਤ ਕਰਨੀ ਚਾਹੀਦੀ ਹੈ, 'ਨੀ ਮੈਂ ਸੱਸ ਰੱਖਣੀ, ਰੱਖਣੀ ਮਾਂ ਬਣਾ ਕੇ'। ਵਿਅੰਗਮਾਈ ਲਹਿਜੇ ਵਿੱਚ ਗੱਲ ਨੂੰ ਅੱਗੇ ਤੋਰਦਿਆਂ, ਧੰਜਲ ਸਾਹਿਬ ਕਹਿੰਦੇ ਹਨ ਕਿ ਜੇ ਸੱਸ ਖਰਾਬੀ ਕਰਦੀ ਹੋਵੇ ਤਾਂ ਸਦੂਕਾਂ ਓਹਲੇ ਕਿਉਂ, ਸ਼ਰੇਆਮ ਸਭ ਦੇ ਸਾਹਮਣੇ ਕੁੱਟਣੀ ਚਾਹੀਦੀ ਹੈ ? ਇਸ ਮੌਕੇ ਡਾ. ਧੰਜਲ ਦੀ ਕਿਤਾਬ 'ਦੀਵੇ ਜਗਦੇ ਰਹਿਣ' ਨੂੰ ਡਾ. ਧੰਜਲ, ਮਾਸਟਰ ਭਜਨ ਸਿੰਘ, ਪ੍ਰੋ ਗੋਪਾਲ ਜੱਸਲ, ਸੁਖਵੀਰ ਗਰੇਵਾਲ਼, ਗੁਰਦੀਪ ਕੌਰ ਪਰਹਾਰ, ਕੁਸੁਮ ਸ਼ਰਮਾ, ਰਿਸ਼ੀ ਨਾਗਰ, ਮਿਸਜ਼ ਮਾਨ ਵਲੋਂ ਰਿਲੀਜ਼ ਕੀਤਾ ਗਿਆ। ਡਾ. ਧੰਜਲ ਨੂੰ ਸਮਾਗਮ ਦੀਆਂ ਅਯੋਜਿਤ ਸੰਸਥਾਵਾਂ ਵਲੋਂ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਕੈਲਗਰੀ ਵਿੱਚ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਤੇ ਖੇਡਾਂ ਨਾਲ਼ ਜੋੜਨ ਲਈ ਪਿਛਲੇ ਕਈ ਸਾਲਾਂ ਤੋਂ ਸੁਖਵੀਰ ਗਰੇਵਾਲ਼ ਦੀ ਅਗਵਾਈ ਵਿੱਚ ਚੱਲ ਰਹੇ 'ਯੰਗਸਤਾਨ ਕੈਲਗਰੀ' ਦੇ ਬੱਚਿਆਂ ਸਲੋਨੀ ਗੌਤਮ, ਕੀਰਤ ਕੌਰ





ਧਾਰਨੀ ਅਤੇ ਪ੍ਰਭਰੂਪ ਸਿੰਘ ਮਾਂਗਟ ਵਲੋਂ ਨਾਰੀ ਦਿਵਸ ਨੂੰ ਸਮਰਪਿਤ ਗੀਤ ਤੇ ਕਵਿਤਾਵਾਂ ਪੜ੍ਹੀਆਂ। ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਮੁੱਖ ਕਲਾਕਾਰ ਕਮਲਪ੍ਰੀਤ ਪੰਧੇਰ ਨੇ ਸਟੇਜ ਸਕੱਤਰ ਦੀਆਂ ਸੇਵਾਵਾਂ ਬਾਖੂਬੀ ਨਿਭਾਈਆਂ ਅਤੇ ਨਾਰੀ ਦਿਵਸ ਸਬੰਧੀ ਬੋਲਦੇ ਹੋਏ ਕਿਹਾ ਸਾਨੂੰ ਔਰਤਾਂ ਦੇ ਹੱਕਾਂ ਬਾਰੇ ਵੱਡੇ-ਵੱਡੇ ਲੈਕਚਰ ਦੀ ਥਾਂ ਘਰਾਂ ਵਿੱਚ ਆਪਣੀਆਂ ਮਾਵਾਂ, ਭੈਣਾਂ, ਧੀਆਂ, ਪਤਨੀਆਂ ਨੂੰ ਆਦਰ ਸਤਿਕਾਰ ਦੇਣ ਦੇ ਨਾਲ਼-ਨਾਲ਼ ਘਰੇਲੂ ਕੰਮਾਂ ਵਿੱਚ ਉਨ੍ਹਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ। ਗਾਇਕ ਹਰਜੀਤ ਗਿੱਲ ਵਲੋਂ ਡਾ. ਸੁਰਿੰਦਰ ਧੰਜਲ ਦਾ ਗੀਤ 'ਜੇ ਤੇਰਾ ਦਿਲ ਪੱਥਰ ਦਾ ਹੈ, ਅੱਖ ਦਾ ਭਰਨਾ ਡੁੱਲਣਾ ਕੀ' ਸੁਰੀਲੀ ਆਵਾਜ ਵਿੱਚ ਪੇਸ਼ ਕੀਤਾ। ਮਾਸਟਰ ਭਜਨ ਸਿੰਘ ਨੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ ਦਰਸ਼ਕਾਂ ਨੂੰ ਇੱਕ ਵਾਰ ਫਿਰ ਭਾਰੀ ਹੁੰਗਾਰਾ ਦੇਣ ਦੇ ਨਾਲ਼-ਨਾਲ਼ ਮੀਡੀਆ ਅਦਾਰਿਆਂ ਦਾ ਧੰਨਵਾਦ ਕੀਤਾ। ਜੋ ਹਰੇਕ ਪ੍ਰੋਗਰਾਮ ਨੂੰ ਕਵਰ ਕਰਨ ਲਈ ਪੂਰਨ ਸਹਿਯੋਗ ਦਿੰਦੇ ਹਨ।ਅਨੀਤਾ ਸਬਦੀਸ਼ ਦਾ ਡਾ. ਧੰਜਲ, ਹਰਚਰਨ ਸਿੰਘ ਪਰਹਾਰ ਅਤੇ ਮਾਸਟਰ ਭਜਨ ਸਿੰਘ ਵਲੋਂ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨ ਕੀਤਾ ਗਿਆ।ਇਸ ਮੌਕੇ ਤੇ ਪ੍ਰਬੰਧਕਾਂ ਦੀ ਅਪੀਲ ਤੇ ਦਰਸ਼ਕਾਂ ਨੇ ਅਨੀਤਾ ਸਬਦੀਸ਼ ਦੀ ਦਿਲ ਖੋਲ ਕੇ ਆਰਥਿਕ ਮੱਦਦ ਕੀਤੀ। ਇਸ ਮੌਕੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਵਲੰਟੀਅਰਜ਼ ਵਲੋਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਗਿਆ।






ਜਦੋਂ ਲੈਣੇ ਹੋਣ ਤਾਜ਼ੇ ਸਬਜ਼ੀਆਂ ਤੇ ਫਲ ਤਾਂ ਚਲੇ ਆਉਣਾ 'ਸਨ ਫਾਰਮ' ਵੱਲ !
SUN FARM
PRODUCE & GROCERY STORE
ਗੁ: ਦੂਖ ਨਿਵਾਰਨ ਵਾਲਾ ਪਲਾਜ਼ਾ
ਸੋਹਣੀ ਤੇ ਨਵੀਂ ਦਿਖ ਨਾਲ ਸਜੇ ਸਟੋਰ ਤੇ ਆਓ, ਤਾਜ਼ਾ ਫਲ ਤੇ ਸਬਜ਼ੀਆਂ ਦੇ ਅਮੁੱਕ ਭੰਡਾਰ ਪਾਓ....
ਸਕੂਨ ਨਾਲ ਕਰੋ ਖਰੀਦਦਾਰੀ ..ਖੁਦ ਵੀ ਤਰੋ ਤਾਜ਼ਾ ਹੋ ਜਾਓ... -ਮਨਜੀਤ ਸਿੰਘ
$65 +TAX
Chakki/ਚੱਕੀ
ਗਰਮ ਪੈਟੀਜ਼
ਅਸ਼ੀਰਵਾਦ ਆਟਾ
ਮੈਗੀ ਸੌਸਜ
ਨੂਡਲਜ਼
ਸ਼ੇਰ ਐਵਰੀਡੇ ਬਾਸਮਤੀ ਚਾਵਲ
ਫੁੱਲ ਗੋਭੀ
TAJ MAHAL
Tea India
Ph: 604-503-3379
Location: 152 St & 68 Ave Surrey B.C
Above prices are valid till stock last Curb side delivery available Wear mask, keep social distance be safe

## ਪੁਸਤਕ ਰੀਵਿਊ

# 'ਪਵਣੂ' ਵਿਸ਼ਵ-ਵਿਆਪੀ ਵਰਤਾਰੇ ਦੀ ਤਸਵੀਰ



ਡਾ. ਹਰਜੋਤ ਕੌਰ ਖੈਹਿਰਾ
ਫੋਨ:604-724-5741




ਪਰਵਾਸੀ ਪੰਜਾਬੀ ਸਾਹਿਤ ਅਜੋਕੇ ਦੌਰ ਵਿਚ ਸ਼ੁਰੂਆਤੀ ਸਮੇਂ ਤੋਂ ਚੱਲੇ ਆ ਰਹੇ ਮੁੱਦਿਆ : ਹੇਰਵਾ, ਨਸਲੀ-ਵਿਤਕਰਾ, ਆਪੇ ਦੀ ਪਛਾਣ, ਸਭਿਆਚਾਰਕ ਤਣਾਅ ਆਦਿ (ਇਹ ਅਜਿਹੇ ਵਿਸ਼ੇ ਹੁਣ ਜੋ ਆਪਣਾ ਰੂਪ ਪਰਿਵਰਤਿਤ ਕਰ ਚੁੱਕੇ ਹਨ ਪਰ ਅਜੇ ਵੀ ਮੌਜੂਦ ਹਨ) ਤੋਂ ਹੱਟ ਕੇ ਵਿਸ਼ਵੀ ਮਸਲਿਆ ਦੁਆਲੇ ਕੇਂਦਰਿਤ ਹੋਣਾ ਸ਼ੁਰੂ ਹੋ ਗਿਆ ਹੈ। ਦੇਖਿਆ ਜਾਵੇਂ ਤਾਂ ਇਹ ਇੱਕ ਸਕਰਾਤਮਕ ਪਹਿਲੂ ਵੀ ਹੈ ਕਿ ਇਕ ਕਮਿਊਨਿਟੀ ਤੋਂ ਬਾਹਰ ਹੋ ਕੇ ਇਹ ਵਿਸ਼ਵੀ ਵਰਤਾਰਿਆ ਨੂੰ ਆਪਣੇ ਕਲੇਵਰ ਵਿਚ ਲੈ ਰਿਹਾ ਹੈ।ਪੂੰਜੀਵਾਦੀ ਪ੍ਰਬੰਧ ਤੇ ਵਿਸ਼ਵੀਕਰਨ ਦੇ ਵਰਤਾਰੇ ਵਿਚ ਮਨੁੱਖ ਦਾ ਵਸਤੂਵਾਦੀ ਹੋਣਾ, ਮੰਡੀ ਦੀ ਵਸਤੂ ਬਣ ਜਾਣਾ ਤੇ ਉਦਾਰਵਾਦੀ (ਖੁੱਲੀ ਮੰਡੀ) ਆਦਿ ਇਹ ਸਭ ਉਸਦੇ ਸੰਵੇਦਨਸ਼ੀਲਤਾ ਤੇ ਮਨੁੱਖਤਾ ਦੇ ਮੁੱਲ-ਵਿਧਾਨ ਉਪਰ ਬਹੁਤ ਵੱਡੇ ਪੱਧਰ ਉਪਰ ਸੱਟ ਮਾਰ ਰਿਹਾ ਹੈ।

ਮੋਹਨ ਗਿੱਲ ਪਰਵਾਸੀ ਪੰਜਾਬੀ ਸਾਹਿਤ ਖਾਸ ਕਰਕੇ ਕੈਨੇਡੀਅਨ ਪੰਜਾਬੀ ਸਾਹਿਤ ਵਿਚ ਕਿਸੇ ਪਹਿਚਾਣ ਦਾ ਮੁਥਾਜ ਨਹੀਂ ਹੈ। ਉਹ ਕਾਵਿ ਮਈ ਬਿਰਤੀ ਤੇ ਲੇਖਣੀ ਰਾਹੀ ਸਮੇਂ ਸਮੇਂ ਉਪਰ ਪੈਦਾ ਹੋ ਰਹੀਆਂ ਸਮੱਸਿਆਵਾਂ, ਮੁੱਦਿਆਂ, ਕੁਰੀਤੀਆਂ ਆਦਿ ਨੂੰ ਆਪਣੀਆਂ ਰਚਨਾਵਾਂ ਰਾਹੀ ਪਾਠਕਾਂ ਸਾਹਮਣੇ ਪੇਸ਼ ਕਰਦਾ ਰਹਿੰਦਾ ਹੈ। ਮੋਹਨ ਗਿੱਲ ਪਰਵਾਸੀ ਪੰਜਾਬੀ ਸਾਹਿਤ ਵਿਚ ਨਿਰੰਤਰ ਕਾਰਜ਼ਸ਼ੀਲ ਸਾਹਿਤਕ ਕਾਰਜ ਕਰ ਰਿਹਾ ਹੈ। ਉਹ ਹੁਣ ਤਕ 15 ਦੇ ਕਰੀਬ ਪੁਸਤਕਾਂ (ਕਾਵਿ,ਹਾਇਕੂ, ਵਾਰਤਕ ਤੇ ਕੁਝ ਸੰਪਾਦਿਤ) ਪਰਵਾਸੀ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਉਸਦੀ ਸੰਵੇਦਨਸ਼ੀਲਤਾ ਤੇ ਪੰਜਾਬੀ ਸੰਵੇਦਨਾ ਨੂੰ ਬਾਖੂਬੀ ਇਹਨਾਂ ਪੁਸਤਕਾਂ ਦੇ ਰਾਹੀ ਦੇਖਿਆ ਜਾ ਸਕਦਾ ਹੈ।

ਉਸਦੀ ਸ਼ਾਇਰੀ ਨਿਰਛਲ, ਨਿਰਕਪਟ, ਨਿਰਵਿਕਾਰ ਮਨ ਦੀ ਪਾਰਦਰਸ਼ੀ ਪੇਸ਼ਕਾਰੀ ਹੈ ਸ਼ਾਇਦ ਇਹੀ ਕਾਰਨ ਹੈ ਕਿ ਉਹ ਸਹਿਜ ਤੋਰ ਤੁਰਦਾ ਤੁਰਦਾ ਵੀ ਵੱਖਰੀ ਪਛਾਣ ਦਾ ਸੁਆਮੀ ਹੈ।

'ਪਵਣ' ਪੁਸਤਕ ਜੋ ਕਿ ਪ੍ਰਮੁੱਖ ਰੂਪ ਵਿਚ ਹਾਇਕੂ ਕਾਵਿ ਵਿਧਾ ਹੈ। ਇਸ ਵਿਚ ਕੁਲ 400 ਹਾਇਕੂ ਬੰਦ ਦਰਜ਼ ਹਨ। ਹਰ ਬੰਦ ਵਿਚ ਇਕ ਵੱਖਰਾ ਵਿਸ਼ਾ ਪੇਸ਼ ਹੋਇਆ ਮਿਲਦਾ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਮਨੁੱਖੀ ਜੀਵਨ ਦੇ ਹਰ ਪੱਖ ਨਾਲ ਜੁੜੇ ਸਰੋਕਾਰ ਉਹ ਆਪਣੀ ਰਚਨਾ ਰਾਹੀ ਸਾਹਮਣੇ ਲਿਆਉਦਾ ਹੈ। ਜੀਵਨ ਦੇ ਚਲੰਤ ਮਸਲੇ ਖਾਸ ਕਰਕੇ ਕੁਦਰਤ ਤੇ ਮਨੁੱਖ ਦੇ ਰਿਸ਼ਤੇ ਨੂੰ ਉਹ ਪਹਿਲੇ ਦਰਜ਼ੇ ਤੇ ਰੱਖਦਾ ਹੋਇਆ ਇਸ ਵਿਚ ਆ ਰਹੇ ਖਲਾਅ ਨੂੰ ਹਰ ਸਮੱਸਿਆ ਦਾ ਕਾਰਨ ਮੰਨਦਾ ਹੈ। ਮੋਹਨ ਗਿੱਲ ਨੇ ਕਾਦਰ ਤੇ ਕੁਦਰਤ ਨੂੰ ਬਹੁਤ ਬਾਖੂਬੀ ਨਾਲ ਚਿਤਰਿਆ ਹੈ। ਉਹ ਗੁਰੂ ਨਾਨਕ ਜੀ ਦੇ ਚਲਾਏ ਅਸਲੀ ਧਰਮ ਮਾਨਵਤਾ/ਗਿਆਨ ਦੇ ਰਸਤੇ ਦੀ ਉਪਮਾ ਕਰਦਾ ਤੇ ਉਸ ਰਸਤੇ ਤੇ ਚੱਲਣ ਨੂੰ ਸਹੀ ਧਰਮ ਵੀ ਮੰਨਦਾ ਹੈ। 21ਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਗਲੋਬਲਾਈਜੇਸ਼ਨ ਨੇ ਮਨੁੱਖ ਨੂੰ ਸਵੈਂ ਕੇਂਦਰਿਤ ਕਰਨ ਦੇ ਨਾਲ ਨਾਲ ਇੰਨ੍ਹਾਂ ਸੌੜੀ ਸੋਚ ਵਾਲਾ ਬਣਾ ਦਿੱਤਾ ਹੈ ਕਿ ਉਹ ਆਪਣੇ ਮਤਲਬ ਲਈ ਧਰਮ ਦੀ ਆੜ ਲੈਂਦਾ ਹੈ। ਕਦੇ ਉਹ ਸਿਆਸਤੀ ਫਿਜਾ ਵਿਚ ਵੋਟ ਬੈਂਕ ਲਈ ਰੰਗ ਬਦਲਦਾ ਹੋਇਆ ਮਜ਼ਹਬ ਤੇ ਮਨੁੱਖ ਨੂੰ ਵਰਤਦਾ ਕੁਦਰਤ ਨਾਲ ਖਿਲਵਾੜ ਕਰਦਾ ਹੈ।

- ਨਾਨਕ ਬਾਣੀ-ਅਮਲਾਂ ਦੀ ਫਸਲ, ਸੱਚ ਦਾ ਸੌਦਾ।

ਇਸ ਪੁਸਤਕ ਦਾ ਸਿਰਲੇਖ ਵੀ ਬਹੁ ਅਰਥੀ ਹੈ। ਕਵੀ ਨੇ ਪਵਣ ਸ਼ਬਦ ਇਕ ਮੈਟਾਫਰ ਦੇ ਰੂਪ ਵਿਚ ਪੇਸ਼ ਕੀਤਾ ਹੈ। ਪਵਣ ਹਿੰਦੀ/ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸਦੇ ਸ਼ਬਦਿਕ ਅਰਥ ਹਵਾ/ਵਾਯੂ ਹੈ। ਹਰ ਧਰਮ ਵਿਚ ਹਵਾ ਤੱਤ ਨੂੰ ਉਤਮ ਦਰਜ਼ਾ ਦਿੱਤਾ ਗਿਆ ਹੈ। ਮਨੁੱਖੀ ਜੀਵਨ ਤੇ ਇਸ ਸੰਸਾਰ ਦੇ ਪ੍ਰਵਾਹ ਲਈ ਹਵਾ ਸਭ ਤੋਂ ਜਰੂਰੀ ਤੱਤ ਸਵੀਕਾਰ ਕੀਤਾ ਗਿਆ ਹੈ। ਵਿਗਿਆਨ ਵੀ ਇਸਦੀ ਪ੍ਰੌੜਤਾ ਕਰਦਾ ਹੈ। ਜਿਵੇਂ ਪਵਣ ਤੋਂ ਬਿਨਾਂ ਧਰਤੀ ਉਪਰ ਕੁਝ ਵੀ ਜੀਵੰਤ ਨਹੀਂ ਰਹਿ ਸਕਦਾ ਬਲਕਿ ਜੀਵਨ ਹੀ ਖ਼ਤਮ ਹੋ ਜਾਏਗਾ। ਗੁਰਬਾਣੀ ਵਿਚ ਪਵਣ ਗੁਰੂ ਦੇ ਸਮਾਨ ਹੈ। ਜੀਵਨ ਲਈ ਉਤਮ ਵਰਦਾਨ ਹੈ। ਪਰ ਜਦੋਂ ਅਸੀ ਇਸ ਸਿਰਲੇਖ ਨੂੰ ਡਿਕੋਡ ਕਰਕੇ ਦੇਖਦੇ ਹਾਂ ਤਾਂ ਅਜੋਕੇ ਸਮੇਂ ਵਿਚ ਹਵਾਂ ਸਾਡੇ ਜੀਵਨ ਦੇ ਮੁੱਲ -ਵਿਧਾਨ ਦੀ ਇਕ ਤਰ੍ਹਾਂ ਪੇਸ਼ਕਾਰੀ ਕਰਦੀ ਹੈ। ਸਮੇਂ ਦੇ ਪਰਿਵਤਰਨ ਨੇ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਪਰਿਵਰਤਨ ਤੇ ਗਤੀਸ਼ੀਲਤਾ ਲਿਆ ਦਿੱਤੀ ਹੈ। ਜਿਵੇਂ ਜਿਵੇਂ ਮਨੁੱਖੀ ਮਨ ਦਾ ਚੋਰ ਆਪਣੇ ਹਿੱਤ ਲਈ ਇਸ ਸ਼ੁੱਧ ਹਵਾਂ ਵਿਚ ਜ਼ਹਿਰ ਘੋਲਦਾ ਜਾ ਰਿਹਾ ਉਸ ਨਾਲ ਹਵਾ ਦੂਸ਼ਿਤ ਹੁੰਦੀ ਜਾ ਰਹੀ ਹੈ। ਪਵਣ, ਮੁੱਲ ਵਿਧਾਨ, ਵਿਸ਼ਵ, ਪਵਿੱਤਰ ਤੋਂ ਗੰਧਲਾ, ਇਖ਼ਲਾਕ ਤੋਂ ਗਿਰਦਾ ਜਾ ਰਿਹਾ, ਜਿਵੇਂ ਸਾਡੀ ਹਵਾਂ ਪ੍ਰਦੂਸ਼ਿਤ ਹੁੰਦੀ ਜਾਂ ਰਹੀ ਤੇ ਸੰਸਾਰ ਆਪ ਆਪਣੇ ਵਿਨਾਸ਼ ਵੱਲ ਜਾ ਰਿਹਾ ਹੈ। ਉਸ ਪ੍ਰਕਾਰ ਹੀ ਮਨੁੱਖ ਆਪਣੇ ਮੁੱਲ ਵਿਧਾਨ ਨੂੰ ਆਪਣੀ ਪਦਾਰਥਕ/ਸੌੜੀ ਸੋਚ ਨਾਲ ਦੂਸ਼ਿਤ ਕਰਦਾ ਹੋਇਆ ਮਨੁੱਖਤਾ ਨੂੰ ਖਤਮ ਕਰਦਾ ਜਾ ਰਿਹਾ ਹੈ। ਲੇਖਕ ਪਵਣ ਸਿਰਲੇਖ ਰਾਹੀ ਅਜੋਕੇ ਮਨੁੱਖੀ ਜੀਵਨ ਉਸਦੀ ਵਿਚਾਰਧਾਰਾ,ਚਰਿੱਤਰ ਦੇ ਰਾਹੀ ਸਮਾਜ ਦੀ ਯਥਾਰਥਕ ਤਸਵੀਰ ਪੇਸ਼ ਕਰਦਾ ਹੈ। ਉਹ ਇਸਦੇ ਕਾਰਨ ਸਪੱਸ਼ਟ ਕਰਦਾ ਹੈ ਕਿ ਅਜੋਕੇ ਸਿਸਟਮ ਤੇ ਨਿੱਜਵਾਦ ਨੇ ਇਸਨੂੰ ਗੰਧਲਾ ਕੀਤਾ ਹੈ। ਸਵਾਰਥ ਦੀ ਭੁੱਖ ਇਸ ਹੱਦ ਤਕ ਵੱਧ ਚੁੱਕੀ ਹੈ ਕਿ ਕੁਦਰਤੀ ਸਰੋਤ ਜੋ ਜੀਵਨ ਧਾਰਾ ਦਾ ਅਹਿਮ ਹਿੱਸਾ ਹਨ ਉਹ ਖਤਰੇ ਤੋਂ ਪਾਰ ਹੋ ਚੁੱਕੇ ਹਨ। ਪਰ ਮਨੁੱਖ ਦੀ ਸ਼ੌੜੀ ਸੋਚ ਉਸਨੂੰ ਅਜੇ ਵੀ ਰੁਕਣ ਨਹੀਂ ਦੇ ਰਹੀ।

- ਸੱਚ ਦੀ ਮੌਤ-ਕਿਰਦਾਰ ਖ਼ਤਮ, ਕੌਮ ਤਬਾਹ
- ਹੇਠਾਂ ਧਰਤੀ- ਉੱਪਰ ਆਸਮਾਨ, ਵਿੱਚ ਨਾਟਕ।

ਸਮੇਂ ਦੇ ਬਦਲਾਵ ਤੇ ਇਤਿਹਾਸਕ ਪਦਾਰਥਵਾਦ ਨੂੰ ਵਰਤਮਨਾ ਸਮੇਂ ਦੇ ਨਾਲ ਜੌੜ ਕੇ ਪੇਸ਼ ਕਰਦਾ ਹੈ। ਅਜਿਹੇ ਜੀਵਨ ਵਿਚ ਪੈਸਾ ਪ੍ਰਧਾਨ ਬਣਾ ਦਿੱਤਾ ਗਿਆ ਤੇ ਮਨੁੱਖ ਹਾਸ਼ਿਆਗਤ ਹੋ ਰਿਹਾ ਹੈ। ਉਸਦਾ ਹੀ ਬੋਲਬਾਲਾ ਹੈ,ਜੋ ਸਦੀਆਂ ਤੋਂ ਗੱਦਾਰੀ ਕਰਦਾ ਰਿਹਾ ਹੈ। ਭਾਵੇਂ ਉਹ ਰਾਜਾਂ, ਜਗੀਰਦਾਰ, ਪੂੰਜੀਪਤੀ ਜਾਂ ਵਰਤਮਾਨ ਲੀਡਰ/ਸਿਆਸਤਦਾਨ/ ਡੇਰਾਵਾਦ ਕਿਉਂ ਨਾ ਹੋਵੇ ਬਸ ਸਫੈਦਪੋਸ਼ੀ ਦਾ ਬਾਣਾ ਪਾ ਕੇ ਮਜ਼ਲੂਮ ਤੇ ਦਮਿਤ ਨੂੰ ਹੀ ਹੋਰ ਲੁੱਟਦਾ ਜਾ ਰਿਹਾ ਹੈ।

- ਜਗੀਰਦਾਰ-ਰਾਜਿਆਂ ਦੇ ਟਾਊਟ, ਖੱਦਰਪੋਸ਼।

ਮੋਹਨ ਗਿੱਲ ਨੇ ਇਸ ਯੁੱਗ ਵਿਚ ਸਰਮਾਏਦਾਰ ਤੇ ਸਿਆਸਤਦਾਨ ਦੇ ਉਸ ਕਿਰਦਾਰ ਨੂੰ ਵਿਅੰਗਮਈ ਢੰਗ ਨਾਲ ਪੇਸ਼ ਕੀਤਾ ਹੈ ਕਿ ਕਿਵੇਂ ਉਹ ਆਮ ਮਜ਼ਦੂਰ ਦਾ ਸ਼ੋਸਣ ਕਰ ਰਹੇ ਹਨ। ਮਹਿਗਾਈ ਇੰਨੀ ਵੱਧ ਚੁੱਕੀ ਹੈ ਕਿ ਉਹ ਗਰੀਬ ਇਨਸਾਨ ਆਪਣੇ ਪਰਿਵਾਰ ਲਈ ਦੋ ਵਖ਼ਤ ਦੀ ਰੋਟੀ ਤੋਂ ਵੀ ਮੁਹਤਾਜ਼ ਹੋ ਚੁੱਕਾ ਹੈ। ਅਮੀਰ ਹੋਰ ਅਮੀਰ ਤਾਂ ਹੋਈ ਜਾ ਰਿਹਾ ਹੈ ਪਰ ਗਰੀਬ ਦੀ ਗਰੀਬ ਵੱਧ ਕੇ ਹੋਰ ਕਿਸ ਹੱਦ ਤੱਕ ਜਾਏਗੀ।ਇਹ ਪ੍ਰਸ਼ਨ ਉਹ ਬਾਰ ਬਾਰ ਉਠਾਉਂਦਾ ਹੈ।

- ਚੁੱਲ੍ਹੇ ਤੇ ਰੋਂਦਾ- ਮਜ਼ਦੂਰ ਦੇ ਘਰ, ਖਾਲੀ ਪਤੀਲਾ।

ਇਸ ਹਾਇਕੂ ਸੰਗ੍ਰਹਿ ਵਿਚ ਔਰਤ ਦੀ ਸਥਿਤੀ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਬਿਆਨ ਕੀਤਾ ਗਿਆ ਹੈ। ਉਹ ਪ੍ਰਤੀਕਮਈ ਢੰਗ ਨਾਲ ਉਸ ਰਾਜ ਦਾ ਜ਼ਿਕਰ ਕਰਦਾ ਜਿੱਥੇ ਸੁਪਨੇ/ਯੂਟੋਪੀਆਂ ਵਿਚ ਔਰਤ ਨੂੰ ਦੇਵੀ ਦਾ ਦਰਜ਼ਾ ਦਿੱਤਾ ਜਾਂਦਾ ਹੈ। ਪਰ ਯਥਾਰਥ ਅਸਲ ਵਿਚ ਬਹੁਤ ਕੌੜਾ ਹੈ। ਉਸ ਦੇਵੀ ਕਹਿਣ ਵਾਲੇ ਦੇਸ਼ ਵਿਚ ਇਕ ਦਿਨ ਵਿਚ ਪਤਾਂ ਨਹੀਂ ਕਿੰਨੀਆਂ ਦੇਵੀਆਂ ਦੀ ਬਹੁਰਮਤੀ ਹੋ ਰਹੀ ਹੈ। ਕਿੰਨੀਆਂ ਧਰਤੀ ਉਪਰ ਆਉਣ ਤੋਂ ਪਹਿਲਾ ਮਾਰੀਆਂ ਜਾ ਰਹੀਆਂ ਹਨ। ਜੋ ਇਸ ਧਰਤੀ ਉਪਰ ਜਨਮ ਲੈ ਚੁੱਕੀਆਂ ਹਨ ਉਹਨਾਂ ਵਿਚ ਕੁਝ ਕੰਜਕਾਂ ਵਹਿਸ਼ੀ ਸੋਚ ਦਾ ਸ਼ਿਕਾਰ ਹੋ ਰਹੀਆਂ, ਕੁਝ ਇਨਕਾਰ ,ਵਿਰੋਧ ਕਰਨ ਤੇ ਤੇਜਾਬ ਦਾ ਵਾਰ ਸਹਿ ਰਹੀਆਂ ਤੇ ਕੁਝ ਆਪਣੀਆਂ ਭਾਵਨਾਵਾਂ ਨੂੰ ਆਪਣੇ ਅੰਦਰ ਹੀ ਮਾਰਦੀਆਂ ਹੋਈਆਂ ਇਸ ਜੀਵਨ ਨੂੰ ਬਤੀਤ ਕਰ ਰਹੀਆਂ ਹਨ।

- ਕੰਜਕਾਂ ਰੋਣ- ਇੱਜ਼ਤਾਂ ਲੁੱਟ ਹੋਣ, ਰਾਮ ਦਾ ਰਾਜ ।

ਪ੍ਰਮੁੱਖ ਰੂਪ ਵਿਚ ਉਹ ਸਾਡੇ ਸ਼ੋਸਲ ਮੀਡੀਆਂ ਤੇ ਕਾਰਪੋਰੇਟ ਮੀਡੀਆ ਦੀ ਯਥਾਰਥਮਈ ਤਸਵੀਰ ਪੇਸ਼ ਕਰਨ ਦਾ ਯਤਨ ਕਰਦਾ ਹੈ। ਉਹ ਮੀਡੀਆ ਜੋ ਆਮ ਲੋਕਾਂ ਦੀਆਂ ਮੁਸ਼ਿਕਲਾਂ ,ਸਮੱਸਿਆਵਾਂ ਤੇ ਮੁੱਦਿਆਂ ਨੂੰ ਸਾਹਮਣੇ ਲਿਆਉਣ ਦੀ ਬਜਾਇ ਆਪਣੇ ਚੈਨਲ,ਕੰਪਨੀਆਂ ਦੀ ਟੀ.ਆਰ.ਪੀ ਵਧਾਉਣ ਦੇ ਚੱਕਰ ਵਿਚ ਕਿਸੇ ਵੀ ਹੱਦ ਤੱਕ ਵਿਕ ਰਿਹਾ ਤੇ ਖਬਰਾਂ ਨੂੰ ਕਿਸੇ ਹੋਰ ਰੰਗਤ ਵਿਚ ਪੇਸ਼ ਕਰ ਰਿਹਾ ਹੈ।ਮੋਹਨ ਗਿੱਲ ਅਜਿਹੀਆਂ ਪ੍ਰਸਥਿਤੀਆਂ ਤੇ ਵਿੰਅਗਮਈ ਸੁਰ ਨੂੰ ਅਪਣਾਉਂਦਾ ਹੈ। ਉਹ ਧਰਮ ਨੂੰ ਆਪਣੇ ਮਕਸਦ ਲਈ ਗਲਤ ਨਜ਼ਰਿਏ ਤੇ ਪੇਸ਼ ਕਰਨ ਵਾਲੇ ਮੀਡੀਆਂ ਤੇ ਨੇਤਾਵਾਂ ਦੀ ਸਫੈਦਪੋਸ਼ੀ ਤੋਂ ਪਰਦਾ ਉਠਾਉਂਦਾ ਹੈ।5 ਸਾਲ ਦੇ ਵੋਟ ਸਿਸਟਮ ਵਿਚ ਜੋ ਕੁਝ ਸਰਕਾਰ ਆਪਣੇ ਕੰਮ ਦਿਖਾਉਣ ਲਈ ਤੇ ਵੋਟ ਬੈਂਕ ਬਣਾਉਣ ਲਈ ਮੀਡੀਆ ਰਿਪੋਰਟ ਕਰਾਉਂਦੀ ਹੈ ,ਉਹ ਕਿਸੇ ਵੀ ਪੱਧਰ ਤੇ ਦੇਸ਼ ਸੇਵਾ,ਦੇਸ਼ ਦੀ ਬਿਹਤਰੀ/ਵਿਕਾਸ ਦੀ ਤਸਵੀਰ ਨਹੀਂ ਪੇਸ਼ ਕਰਦੀ ।ਅਸਲੀਅਤ ਤੋਂ ਦੂਰ ਕਰਦੀ ਇਹ ਖੇਡ ਸਿਰਫ ਤੇ ਸਿਰਫ ਵੋਟ ਬੈਂਕ ਲਈ ਦੰਗੇ,ਫਸਾਦ,ਧਰਮ ਦੀ ਲੜਾਈ,ਜਾਤ ਦੀ ਲੜਾਈ ਤੇ ਰੱਖ ਕੇ ਅਸਲ ਮੁੱਦਿਆਂ ਤੋਂ ਭਟਕਾਉਂਦੀ ਰਹਿੰਦੀ ਹੈ।

- ਪ੍ਰੈਸ ਕੱਪੜੇ- ਪ੍ਰੈਸ ਕਾਨਫਰੰਸ, ਝੂਠ ਹੀ ਝੂਠ।

ਮੌਜੂਦਾ ਪੰਜਾਬ ਦੀ ਸਥਿਤੀ ਇਸੇ ਹੀ ਸਿਆਸਤ ਤੇ ਮੀਡੀਆ ਦੀ ਭੇਂਟ ਚੜ੍ਹ ਰਹੀ ਹੈ।ਪੰਜਾਬ ਦੀ ਨੌਜਵਾਨੀ ਜੋ ਕਦੇ ਬਹਾਦਰ ਕੌਮ ਦੇ ਨਾਮ ਨਾਲ ਜਾਣੀ ਜਾਂਦੀ ਸੀ ਅੱਜ ਉਹ ਨਸ਼ਿਆ ਵਿਚ ਗਲਤਾਣ ਹੋ ਚੁੱਕੀ ਹੈ। ਉਹ ਬਹਾਦਰ ਨੌਜਵਾਨੀ ਗੁੰਡਾਗਰਦੀ,ਗੈਂਗਵਾਰ ਦੇ ਨਾਲ ਨਾਲ ਨਸ਼ਿਆ ਤੇ ਵਪਾਰ ਵਿਚ ਫਸ ਚੁੱਕੀ ਹੈ,ਜਿਸ ਨਾਲ ਬਜ਼ੁਰਗਾਂ ਨੂੰ ਆਉਣ ਵਾਲੀ ਪੀੜ੍ਹੀ ਦਾ ਭਵਿੱਖ ਹਨੇਰੇ ਵਿਚ ਨਜ਼ਰ ਆ ਰਿਹਾ ਹੈ। ਇਕ ਤਰੀਕੇ ਨਾਲ ਪੰਜਾਬ ਦੀ ਅਗਲੀ ਜਨਰੇਸ਼ਨ ਖਤਮ ਹੋਣ ਕਿਨਾਰੇ ਹੈ।

- ਮੇਰਾ ਪੰਜਾਬ- ਜਵਾਨੀ ਲਈ ਚਿੱਟਾ, ਕਾਲਾ ਬੁਢਾਪਾ।

ਉਸਦੀ ਲੇਖਣੀ ਵਿਚ ਹਰ ਵਰਗ ਦੀ ਸਮੱਸਿਆ ਦਾ ਕਾਰਨ, ਸੰਤਾਪ ਸਪੱਸ਼ਟ ਰੂਪ ਵਿਚ ਨਜ਼ਰ ਆ ਜਾਂਦਾ ਹੈ। ਉਹ ਵਿਸ਼ਵ ਵਰਤਾਰੇ ਦੀਆਂ ਸਮੱਸਿਆਂ ਦੀ ਗੱਲ ਕਰਦਾ ਹੋਇਆਂ ਆਮ ਮਨੁੱਖ ਦੀ ਸਧਾਰਨ ਸਮੱਸਿਆਵਾਂ ਨੂੰ ਅਣਗੌਲਿਆਂ ਨਹੀਂ ਕਰਦਾ। ਇਕ ਲੜੀ ਵਿਚ ਪਰੋਏ ਮਾਲਾ ਦੇ ਮਣਕਿਆਂ ਦੀ ਤਰਾਂ ਉਹ ਵੀ ਉਹਨਾਂ ਸਮੱਸਿਆਵਾਂ ਦੀ ਇਕ ਚੇਨ ਪੇਸ਼ ਕਰਦਾ ਜੋ ਅਜੋਕੇ ਸਮੇਂ ਵਿਚ ਹੂਬਹੂ ਸਾਡੇ ਜੀਵਨ ਦਾ ਹਿੱਸਾ ਬਣ ਚੁੱਕੀ ਹੈ। ਇਹ ਵੀ ਗੱਲ ਦਰੁਸਤ ਹੈ ਕਿ ਦੌੜ ਭੱਜ ਦੇ ਜੀਵਨ ਵਿਚ ਮਨੁੱਖ ਸਵੈ ਕੇਂਦਰਿਤ ਹੋ ਚੁੱਕਾ ਹੈ। ਉਹ ਪਹਿਲਾ ਹੀ ਮਤਲਬਪ੍ਰਸਤੀ ਦਾ ਸ਼ਿਕਾਰ ਹੋ ਚੁੱਕਾ ਹੈ। ਇਸ ਲਈ ਉਹ ਕਿਸੇ ਬਾਰੇ ਸਹੀ ਸੋਚ ਜਾਂ ਉਸਦੇ ਦੁੱਖ ਦਾ ਨਿਵਾਰਨ ਕਰਨ ਜਾਂ ਉਸ ਕਾਰਣ ਦੀ ਪਛਾਣ ਕਰਕੇ ਆਵਾਜ਼ ਉਠਾਉਣ ਤੋਂ ਕਤਰਾਉਣ ਲੱਗ ਗਿਆ ਹੈ। ਪਰ ਇਹ ਰਚਨਾ ਉਸ ਹਰ ਪੱਖ ਤੇ ਰੋਸ਼ਨੀ ਪਾਉਣ ਦੀ ਕੋਸ਼ਿਸ ਕਰਦੀ ਹੈ। ਮੋਹਨ ਗਿੱਲ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਸਨੇ ਹਾਇਕੂ ਦੇ ਵਸਤੂ-ਖੇਤਰ ਨੂੰ ਵਿਸ਼ਾਲ ਕੀਤਾ ਹੈ।ਪ੍ਰਕਿਰਤੀ -ਚਿਤਰਣ ਦੇ ਨਾਲ ਨਾਲ ਉਸਨੇ ਸਮਾਜਕ,ਰਾਜਨੀਤਿਕ ਤੇ ਆਰਥਕ ਆਦਿ ਸਰੋਕਾਰਾਂ ਨੂੰ ਵੀ ਹਾਇਕੂ ਦੀ ਵਸਤੂ ਬਣਾਇਆ ਹੈ। ਸਮੁੱਚੇ ਰੂਪ ਵਿਚ ਕਿਹਾ ਜਾਂ ਸਕਦਾ ਹੈ ਕਿ ਮੋਹਨ ਗਿੱਲ ਦੀ ਕਲਮ ਤੇ ਕਲਾ ਗਲੋਬਾਲਈਜੇਸ਼ਨ ਦੇ ਇਸ ਦੌਰ ਵਿਚ ਵਿਸ਼ਵ ਵਿਆਪੀ ਵਰਤਾਰੇ ਦੀ ਯਥਾਰਥਕ ਤਸਵੀਰ ਪੇਸ਼ ਕਰਨ ਵਿਚ ਕਾਮਯਾਬ ਹੋਈ ਹੈ।

KING 73 RENO LTD.

We Do All Kind of Renovation

•ਫਰੇਮਿੰਗ • ਡਰਾਈਵਾਲ • ਪੇਂਟਿੰਗ • ਟਾਈਲਾਂ
•ਸਨਡੈੱਕ ਦੀ ਰਿਪੇਅਰ • ਲੈਮੀਨੇਟ • ਵਾਸ਼ਰੂਮ
•ਕਿਚਨ • ਐਕਸਟਰਾ ਰੂਮ ਐਡੀਸ਼ਨ
• ਇਲੈਕਟ੍ਰੀਕਲ • ਪਲੰਬਿੰਗ • ਰੂਫਿੰਗ ਦਾ ਕੰਮ

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ



FREE ESTIMATES

ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਨੇਸ਼ਨ ਫਰੀ ਐਸਟੀਮੇਟ ਵਾਸਤੇ 17 ਸਾਲਾਂ ਦੇ ਤਜ਼ਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ।

KING 73 RENO LTD.ਵਾਲਿਆਂ ਨੂੰ ਵਰਕਰਾਂ ਦੀ ਲੋੜ ਹੈ। ਕੰਮ ਹਫ਼ਤੇ ਵਿਚ 6 ਦਿਨ ਚੱਲੇਗਾ। ਤਨਖਾਹ ਤਜ਼ਰਬੇ ਅਨੁਸਾਰ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ।

Gurdeep S. Gill Ph:778-896-4555

www.King73reno.com, Email:king73renoltd@gmail.com

ੴ ਵਾਹਿਗੁਰੂ ਜੀ ਕੀ ਫਤਹਿ॥

# KHALSA DIWAN SOCIETY

## GURDWARA SAHIB

(Established in 1906)

8000 Khalsa Diwan Road, Vancouver, BC, V5X 4C5 Canada Ph: (604) 322-5610 or (604) 324-2010
Email: kdsross@live.com





## PROGRAM SCHEDULE:

| | |
|---|---|
| 7:00 am - 9:00 am | Kirtan (Hymn Singing) |
| 9:00 am - 9:30 am | Reception of Dignitaries |
| 9:30 am - 10:30 am | Speeches |
| 10:45 am | Ardas |

**Outside Celebrations - 11:00 am**

Vaisakhi is a very important day for the Sikhs and one of the most colourful events in the Sikh calendar. It occurs during mid-April every year and traditionally coincides in Punjab with the first harvesting of the crops for the year. So historically, Vaisakhi has been a very joyous occasion and a time for celebration. Since 1699, it has marked the very significant religious event of creation of the Khalsa.

# *Vaisakhi*

## *Day Celebration*

## Saturday, April 15, 2023

**The Khalsa Diwan Society** is a pioneer Sikh Society and was formally established in 1906. In 1908 the Society built the first Sikh Gurdwara at 1866 West 2nd Avenue, Vancouver, BC. This Gurdwara served the community until 1970 when the new Ross Street (now Khalsa Diwan Road) location was opened . The Khalsa Diwan Society has played a major role in the social and economic development of the Canadian society, raising Sikhi & Humanitarian related issues and getting recognition for Sikhs in Canada.

**R.S.V.P.** Tel: **604-322-5610** or email **kdsross@live.com**

President: Kuldip Singh Thandi (Cell: 604-377-3114)
Treasurer: Sukhpaul Singh Jhooty (Cell: 778-840-5602)
Gen. Secretary: Kashmir Singh Dhaliwal (Cell: 778-881-4216)
Head Granthi: Harminderpal Singh (Cell: 778-706-5166)



# BRIDE WANTED
# ਲੜਕੀ ਦੀ ਲੋੜ

## Bride Wanted

**USA CITIZEN Handsome Boy 32 years old, 5'11" height Well educated, Well Settled Sikh Family Prefer Punjabi Girl**, looking in America or Canada height minimum 5'4" Contact +15103968812

**MARCH.**

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਨੌਨ ਮੈਡੀਕਲ, ਡਬਲ ਐਮ.ਏ, ਪੰਜਾਬ ਰਹਿੰਦੇ ਲੜਕੇ ਲਈ ਕੈਨੇਡਾ ਪੀ.ਆਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਫੋਨ ਕਰੋ 204-295-4701

## Name Change

I Mahbir Singh Bath s/o Lakhwinder Singh R/o VPO BATH BATH, Distt TARN TARAN, punjab, India, Passport number: V3086550, Present adress 20031 28ave NW Edmonton Alberta T6M 0W8

have changed my name to Mahbir Singh Batth. All concerned note Please.

Contact 780-243-4006

**MARCH.**

## ਕਨੇਡੀਅਨ ਲੜਕੀ ਦੀ ਲੋੜ

ਕਨੇਡਾ ਦੀਆਂ ਪੀ ਆਰ ਲੜਕੀਆਂ ਨੂੰ ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਧਾਮੀ ਇਕਲੌਤੇ ਭਰਾ ਲਈ ਕਨੇਡੀਅਨ ਲੜਕੀ ਦੀ ਲੋੜ ਹੈ। ਨਸ਼ਿਆਂ ਤੋਂ ਰਹਿਤ, ਸਰਦਾਰ, ਸਾਊ, ਖ਼ਾਨਦਾਨੀ ਲੜਕੇ ਦਾ ਜਨਮ 24 ਜਨਵਰੀ 1999 ਕੱਦ 5'4 ਇੰਚ, ਵਿੱਦਿਅਕ ਯੋਗਤਾ Qualification iti Occupations graphics designer ਹੈ। ਲੜਕੇ ਦਾ ਦਾਦਕਾ ਨਾਨਕਾ ਪਰਿਵਾਰ ਕਨੇਡਾ ਵਿੱਚ ਵੈੱਲਸੈਟਲਡ ਹਨ ਸੰਪਰਕ ਕਨੇਡਾ - 416-300-3204 India 9814320452 March

## Bride Wanted

**Canadian citizen jatt sikh divorced, 38 years old, well settled, self-employed, earning 6 Figures.** Looking for suitable MatchContact number- 2049519905

**MARCH.**

## Name Change

I, Sukhwinder Singh Bhalla, father of Harjas Singh, resident of Kothi no. 19, Sardar colony, Green Enclave, O/S Makhu Gate,Ferozepur city, Ferozepur, 152002, punjab, India, and presently residing at 5236 Mullen Crest, Edmonton, AB. T6R0P9, do hereby change the name of my son from Harjas Singh to Harjas Singh Bhalla, with immediate effect.

**MARCH.**

# GROOM WANTED
# ਵਰ ਦੀ ਲੋੜ



## Groom Wanted

**Ramgarhia Sikh family seeks a suitable match for their daughter, 1988 born, 5`-3``tall, Canadian PR,** B.Sc. Nursing, working in Health clinic as a MOA, father Retd. as a senior manager, beautiful, well vesed in both cultures, family oriented. The boy should be Ramgarhia, turbaned with trim beard or clean shaven, vegetarian, well settled, educated Call:437-267-0460

**FEB.**



## Groom Wanted

**Suitable match for Saini Sikh beautiful Girl, Convent educated, MSc. Chemistry, Canada, Study Permit, Born September 1992, Jalandhar City, 5'5".** Looking for handsome, well-settled boy on work permit or PR only, preferably in BC, Canada. Kindly whatsapp only at 778-956-7035.Kindly Marriage bureau excuse.

**March.**

## ਲੜਕੇ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਪੰਜਾਬੀ ਸਿੱਖ ਲੜਕੀ, ਉਮਰ 32 ਸਾਲ, ਕੱਦ 5 ਫੁੱਟ 4 ਇੰਚ , ਪੜਾਈ, ਕਰੀਮੀਨਲ ਜਸਟਿਸ ਲਾਅ, ਲਈ ਲੜਕੇ ਦੀ ਲੋੜ ਹੈ। ਸਿਰਫ਼ ਵਿੰਨੀਪੈਗ, ਕੈਲਗਰੀ ਅਤੇ ਸਰੀ ਵਾਲੇ ਹੀ ਸੰਪਰਕ ਕਰਨ, ਹੋਰ ਜਾਣਕਾਰੀ ਲਈ ਜੱਸੀ ਥਿੰਦ ਨਾਲ ਫੋਨ ਕਰੋ 204-979-7723 'ਤੇ ਸੰਪਰਕ ਕਰੋ।

## NEED WORKER
## ਵਰਕਰਾਂ ਦੀ ਲੋੜ

**ਐਡਮਿੰਟਨ ਦੀ ਉਘੀ ਕਲੀਨ ਅੱਪ ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਸਟੂਡੈਂਟ ਵੀ ਕੰਮ ਕਰ ਸਕਦੇ ਹਨ। ਰਾਈਡ ਦਾ ਪੂਰਾ ਪ੍ਰਬੰਧ ਹੈ। ਸੰਪਰਕ ਕਰੋ- 780-907-9421.**

## NEED WORKER/ਕਲੀਨ ਅੱਪ ਵਰਕਰਾਂ ਦੀ ਲੋੜ

**ਵਿੰਨੀਪੈਗ ਦੀ ਕੰਪਨੀ ਐਚ ਐਮ ਟੀ ਬਿਲਡਿੰਗ ਸਰਵਿਸ ਲਿਮਟਡ ਨੂੰ ਕਲੀਨ ਅੱਪ ਵਰਕਰਾਂ ਦੀ ਲੋੜ ਹੈ। ਚਾਹਵਾਨ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦੇ ਹਨ। ਫੋਨ-431-588-1216**

'ਦੇਸ-ਪ੍ਰਦੇਸ ਟਾਈਮਜ਼' 'ਚ

ਮੈਟਰੀਮੋਨੀਅਲ ਤੇ ਕਲਾਸੀਫਾਈਡ

ਦੇਣ ਲਈ ਸੰਪਰਕ ਕਰੋ

778-772-1994

ਵਿੰਨੀਪੈੱਗ : 204-955-8396

## Name Change

I Bhupinder Singh S/o Sh Gurmeet singh resident of village Namazipur PO Mule All Kharre, Tehsil Shahkot Distt Jalandhar, Pb at present resident of 18120-75 St NW Edmonton AB,Passport no. J 1841081 DOB-6-4-1986. Have changed my name Bhupinder singh to Bhupinder Singh Josan. All concerned note Please. contact-587-566-6257

# ਕਿਧਰ ਨੂੰ ਚੱਲ ਪਏ ਪੰਜਾਬੀ ਨੌਜਵਾਨ



ਬਲਰਾਜ ਸਿੰਘ ਸਿੱਧੂ, ਕਮਾਂਡੈਂਟ
95011-00062

ਪਿਛਲੇ ਕੁਝ ਹੀ ਦਿਨਾਂ ਵਿੱਚ ਪੰਜਾਬੀ ਨੌਜਵਾਨਾਂ ਦੇ ਹਜੂਮਾਂ ਨੇ ਉੱਪਰੋ ਥੱਲੀ ਤਿੰਨ ਚਾਰ ਵਾਰਦਾਤਾਂ ਨੂੰ ਅੰਜ਼ਾਮ ਦਿੱਤਾ ਹੈ। ਸਭ ਤੋਂ ਪਹਿਲਾਂ ਥਾਣਾ ਅਜਨਾਲਾ 'ਤੇ ਕਬਜ਼ਾ ਤੇ ਪੁਲਿਸ ਨਾਲ ਕੀਤੀ ਗਈ ਮਾਰ ਕੁਟਾਈ, ਦੂਸਰੇ ਨੰਬਰ 'ਤੇ ਮਣੀਕਰਨ ਗੁਰਦਵਾਰੇ ਦੇ ਨਜ਼ਦੀਕ ਸਥਾਨਿਕ ਵਸਨੀਕਾਂ ਨਾਲ ਪੱਥਰਬਾਜ਼ੀ ਤੇ ਹੁਣ ਹੋਲੇ ਮੁਹੱਲੇ ਵਰਗੇ ਪਵਿੱਤਰ ਤਿਉਹਾਰ ਸਮੇਂ ਕੈਨੇਡਾ ਤੋਂ ਆਏ ਇੱਕ ਨੌਜਵਾਨ ਦਾ ਕਤਲ । ਹੋਲੇ ਮੁਹੱਲੇ 'ਤੇ ਨੌਜਵਾਨ ਦਾ ਕਤਲ ਸਿਰਫ ਇਸ ਕਾਰਨ ਹੋਇਆ ਕਿ ਕੁਝ ਨਿਹੰਗ ਇਕੱਠੇ ਹੋ ਕੇ ਮੋਟਰ ਸਾਈਕਲ, ਟਰੈਕਟਰ ਅਤੇ ਗੱਡੀਆਂ 'ਤੇ ਸਵਾਰ ਨੌਜਵਾਨਾਂ ਨੂੰ ਹੁੱਲੜਬਾਜ਼ੀ ਕਰਨ ਤੋਂ ਰੋਕ ਰਹੇ ਸਨ। ਜੋ ਕੁਝ ਨਿਹੰਗ ਕਰ ਰਹੇ ਸਨ, ਉਸ ਨੂੰ ਵੀ ਠੀਕ ਨਹੀਂ ਕਿਹਾ ਜਾ ਸਕਦਾ। ਇੱਕ ਵੀਡੀਉ ਵਿੱਚ ਸਾਫ ਦਿਖਦਾ ਹੈ ਕਿ ਉਹ ਪਟਾਕੇ ਪਾ ਰਹੇ ਇੱਕ ਮੋਟਰ ਸਾਈਕਲ ਸਵਾਰ 'ਤੇ ਡਾਂਗਾਂ ਬਰਸਾ ਰਹੇ ਹਨ। ਪਰ ਉਹਨਾਂ ਦੇ ਖਿਲਾਫ ਪੁਲਿਸ ਕੋਲ ਜਾਣ ਦੀ ਬਜਾਏ ਇੱਕ ਬੇਕਸੂਰ ਨੌਜਵਾਨ ਦਾ ਕਤਲ ਕਰ ਦੇਣਾ ਬਹੁਤ ਹੀ ਘਿਣਾਉਣੀ ਗੱਲ ਹੈ।

ਇਹ ਗੱਲ ਬਿਕਕੁਲ ਸੱਚ ਹੈ ਕਿ ਅੱਜ ਕਲ੍ਹ ਨੌਜਵਾਨ ਧਾਰਮਿਕ ਮੇਲਿਆਂ ਵਿੱਚ ਰੱਜ ਕੇ ਹੁੱਲੜਬਾਜ਼ੀ ਕਰਦੇ ਹਨ। ਇਸ ਸਾਲ ਦੇ ਫਤਿਹਗੜ੍ਹ ਸਾਹਿਬ ਸ਼ਹੀਦੀ ਜੋੜ ਮੇਲੇ ਵੇਲੇ ਇੱਕ ਵੀਡੀਉ ਕਾਫੀ ਵਾਇਰਲ ਹੋਈ ਹੈ। ਟਰੈਕਟਰ ਟਰਾਲੀ 'ਤੇ ਸਵਾਰ 10-15 ਨੌਜਵਾਨ ਚੱਕਵੇਂ ਗਾਣੇ ਲਗਾ ਕੇ ਹੱਥ ਵਿੱਚ ਸ਼ਰਾਬ ਦੇ ਗਿਲਾਸ ਪਕੜ ਕੇ ਭੰਗੜਾ ਪਾਉਂਦੇ ਹੋਏ ਮੇਲੇ ਵੱਲ ਜਾ ਰਹੇ ਹਨ। ਕਿਸੇ ਨੇ ਇਸ ਵੀਡੀਉ ਦਾ ਸਿਰਲੇਖ ਵੀ ਬਹੁਤ ਵਧੀਆ ਰੱਖਿਆ ਹੈ, "ਸੂਬਾ ਸਰਹੰਦ ਦੇ ਵਾਰਸ ਸਰਹੰਦ ਵੱਲ ਜਾਂਦੇ ਹੋਏ।" ਪੰਜਾਬ ਵਿੱਚ ਸਿੱਖ ਧਰਮ ਨਾਲ ਸਬੰਧਿਤ ਅਨੇਕਾਂ ਜੋੜ ਮੇਲੇ ਲੱਗਦੇ ਹਨ ਜਿਹਨਾਂ ਵਿੱਚ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ, ਫਤਿਹਗੜ੍ਹ ਸਾਹਿਬ ਦੀ ਸਭਾ, ਤਲਵੰਡੀ ਸਾਬੋ ਦੀ ਵਿਸਾਖੀ ਅਤੇ ਮਾਘੀ ਮੇਲਾ ਸ੍ਰੀ ਮੁਕਤਸਰ ਸਾਹਿਬ ਪ੍ਰਮੁੱਖ ਹਨ। ਧਾਰਮਿਕ ਮੇਲਿਆਂ ਵਿੱਚ ਜਾਣ ਦਾ ਮਤਲਬ ਆਮ ਤੌਰ ਤੇ ਇਹ ਮੰਨਿਆਂ ਜਾਂਦਾ ਹੈ ਕਿ ਨੌਜਵਾਨ ਆਪਣੇ ਮਾਣ ਮੱਤੇ ਪੁਰਾਤਨ ਵਿਰਸੇ ਤੋਂ ਜਾਣੂ ਹੋਣ। ਪਰ ਅੱਜ ਕਲ੍ਹ ਮੇਲਿਆਂ ਵਿੱਚ ਜੋ ਗੁੱਲ ਖਿਲਾਏ ਜਾ ਰਹੇ ਹਨ, ਉਹ ਸਭ ਦੇ ਸਾਹਮਣੇ ਹਨ। ਨੌਜਵਾਨਾਂ ਨੂੰ ਪਤਾ ਹੀ ਨਹੀਂ ਕਿ ਇਹਨਾਂ ਜੋੜ ਮੇਲਿਆਂ ਦੀ ਕੀ ਮਹੱਤਤਾ ਹੈ।

1970 ਦੇ ਦਹਾਕੇ ਤੱਕ ਤਰਨ ਤਾਰਨ ਦੀ ਮੱਸਿਆ ਬਾਰੇ ਮਾਝੇ ਦੇ ਲੋਕਾਂ ਦੇ ਵਿਚਾਰ ਬਹੁਤੇ ਚੰਗੇ ਨਹੀਂ ਸਨ ਹੁੰਦੇ। ਬਹੁਤ ਜਿਆਦਾ ਭੀੜ ਭੜੱਕਾ ਹੋਣ ਕਾਰਨ ਮੁਸ਼ਟੰਡੇ ਔਰਤਾਂ ਨਾਲ ਬੇਹੱਦ ਅਸ਼ਲੀਲ ਛੇੜਖਾਨੀਆਂ ਕਰਦੇ ਹੁੰਦੇ ਸਨ। ਬਾਹਰੋਂ ਆਉਣ ਵਾਲੇ ਯਾਤਰੀਆਂ ਵਿੱਚੋਂ ਕਈ ਵਾਰ ਔਰਤਾਂ ਨੂੰ ਨਿਖੇੜ ਕੇ ਅਗਵਾ ਤੱਕ ਕਰ ਲਿਆ ਜਾਂਦਾ ਸੀ। ਅੱਕ ਕੇ ਸ਼੍ਰੋਮਣੀ ਕਮੇਟੀ ਨੂੰ ਇਸ ਗੁੰਡਾਗਰਦੀ 'ਤੇ ਕਾਬੂ ਪਾਉਣ ਲਈ ਬੇਹੱਦ ਸਖਤੀ ਕਰਨੀ ਪਈ ਸੀ। ਮੁਸ਼ਟੰਡਿਆਂ ਨੂੰ ਬੋਰੀਆਂ ਵਿੱਚ ਬੰਦ ਕਰ ਕੇ ਛਿਤਰੌਲ ਕੀਤੀ ਜਾਂਦੀ ਸੀ। ਇੱਕ ਦੋ ਸਾਲਾਂ ਵਿੱਚ ਹੀ ਗੁੰਡੇ ਸਿੱਧੇ ਹੋ ਗਏ ਸਨ। ਜੇ ਕੋਈ ਮੱਸਿਆ ਵੇਲੇ ਬਦਮਾਸ਼ੀ ਕਰਨ ਬਾਰੇ ਸੋਚਦਾ ਵੀ ਤਾਂ ਨਾਲ ਦੇ ਫੌਰਨ ਸਮਝਾ ਦਿੰਦੇ, "ਲਾਲ ਮਿਰਚਾਂ ਵਾਲੀ ਬੋਰੀ ਵੇਖੀ ਐ ਬਾਬਿਆਂ ਦੀ?" ਪਰ ਹੁਣ ਨਵੀਂ ਪੀੜ੍ਹੀ ਨੇ ਤਾਂ ਸਾਰੇ ਧਾਰਮਿਕ ਮੇਲਿਆਂ ਦਾ ਮਾਹੌਲ ਤਰਨ-ਤਾਰਨ ਦੀ ਮੱਸਿਆ ਵਰਗਾ ਬਣਾ ਕੇ ਰੱਖ ਦਿੱਤਾ ਹੈ। ਇਹਨਾਂ ਤੋਂ ਡਰਦੇ ਮਾਰੇ ਭਲੇ ਘਰਾਂ ਦੇ ਮਰਦ ਔਰਤਾਂ ਮੇਲਿਆਂ ਵਿੱਚ ਜਾਣ ਦੀ ਜੁੱਰਅਤ ਨਹੀਂ ਕਰਦੇ। ਪਾਟੇ ਸਾਈਲੈਂਸਰਾਂ ਵਾਲੇ ਮੋਟਰ ਸਾਇਕਲ ਸਵਾਰ ਮੁਸ਼ਟੰਡੇ ਮੇਲਿਆਂ ਵਿੱਚ ਹਰਲ ਹਰਲ ਕਰਦੇ ਫਿਰਦੇ ਸਨ। ਪੁਲਿਸ ਇੱਕ ਪਾਸੇ ਕੰਟਰੋਲ ਕਰਦੀ ਹੈ ਤਾਂ ਇਹ ਦੂਸਰੇ ਪਾਸੇ ਜਾ




ਗਦਰ ਮਚਾਉਂਦੇ ਹਨ। ਟਰੈਕਟਰਾਂ ਉੱਪਰ ਸਾਰੇ ਕਾਇਦੇ ਕਾਨੂੰਨ ਛਿੱਕੇ ਟੰਗ ਕੇ 20-20 ਬੰਦੇ ਲਟਕੇ ਹੁੰਦੇ ਹਨ। ਜੇ ਕਿਤੇ ਪੁਲਿਸ ਸਖਤੀ ਨਾ ਕਰੇ ਤਾਂ ਇਹ ਲੋਕਾਂ ਦਾ ਘਰੋਂ ਨਿਕਲਣਾ ਹੀ ਔਖਾ ਕਰ ਦੇਣ।

ਦੋ ਕੁ ਸਾਲ ਪਹਿਲਾਂ ਬਟਾਲੇ ਵਿਖੇ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਵੇਲੇ ਇਹ ਦ੍ਰਿਸ਼ ਵੇਖਣ ਨੂੰ ਮਿਲੇ ਸਨ। ਜਦੋਂ ਗੁਰੂ ਸਾਹਿਬ ਦਾ ਬਰਾਤ ਰੂਪੀ ਨਗਰ ਕੀਰਤਨ ਬਟਾਲਾ ਪਹੁੰਚਿਆ ਤਾਂ ਉਸ ਦਾ ਸਵਾਗਤ ਕਰਨ ਦੇ ਨਾਮ 'ਤੇ ਪਾਟੇ ਸਾਈਲੈਂਸਰਾਂ ਵਾਲੇ ਮੋਟਰ ਸਾਇਕਲ ਉਸ ਦੇ ਅਗੇ ਲਾ ਲਏ ਗਏ। ਜਦੋਂ ਇੱਕ ਮੋਟਰ ਸਾਇਕਲ ਵਾਲੇ ਨੇ ਸਾਇਲੈਂਸਰ ਦਾ ਪਟਾਕਾ ਵਜਾਇਆ ਤਾਂ ਨਜ਼ਦੀਕ ਤੋਂ ਗੁਜ਼ਰ ਰਹੀ ਇੱਕ ਸਕੂਟਰ ਸਵਾਰ ਬੀਬੀ ਘਬਰਾ ਕੇ ਸੰਤੁਲਨ ਗਵਾਉਣ ਕਾਰਨ ਡਿੱਗ ਪਈ। ਵਾਹਵਾ ਸੱਟਾਂ ਲੱਗਣ ਕਾਰਨ ਉਸ ਨੂੰ ਹਸਪਤਾਲ ਲਿਜਾਉਣਾ ਪਿਆ। ਇੱਕ ਹੋਰ ਘਟੀਆਂ ਵਰਤਾਰਾ ਵੇਖਣ ਨੂੰ ਇਹ ਮਿਲਿਆ ਕਿ ਬਜ਼ਾਰਾਂ ਵਿੱਚ ਬਰਾਤ ਦੇ ਸਵਾਗਤ ਦੇ ਨਾਂ 'ਤੇ ਵੱਡੇ ਵੱਡੇ ਸਪੀਕਰ ਲਗਾ ਕੇ ਚਾਲੂ ਜਿਹੇ ਗੀਤਾਂ ਦੀ ਧੁੰਨ 'ਤੇ ਫੂਹੜ ਨਾਚ ਨੱਚ ਕੇ ਟਰੈਫਿਕ ਜਾਮ ਕੀਤਾ ਜਾ ਰਿਹਾ ਸੀ। ਜੇ ਇਹੋ ਹਾਲ ਰਿਹਾ ਤਾਂ ਹੋ ਸਕਦਾ ਹੈ ਕਿ ਅਗਲੇ ਵਿਆਹ ਪੁਰਬ 'ਤੇ ਕੋਈ ਮਹਾਂ ਮੂਰਖ ਡਾਂਸਰਾਂ ਵੀ ਬੁਲਾ ਲਵੇ। ਕਈ ਥਾਈਂ ਪੁਲਿਸ ਨੂੰ ਡਾਂਗ ਫੇਰ ਕੇ ਟਰੈਫਿਕ ਚਾਲੂ ਕਰਨਾ ਪਿਆ ਸੀ। ਪੰਜਾਬ ਦੇ ਕਿਸੇ ਵੀ ਧਾਰਮਿਕ ਮੇਲੇ ਨਾਲੋਂ ਵਿਆਹ ਪੁਰਬ ਵੇਲੇ ਮੁਸ਼ਟੰਡਿਆਂ 'ਤੇ ਪੁਲਿਸ ਨੂੰ ਜਿਆਦਾ ਸਖਤੀ ਕਰਨੀ ਪੈਂਦੀ ਹੈ ਪਰ ਇਹਨਾਂ ਢੀਠਾਂ ਨੂੰ ਸ਼ਰਮ ਨਹੀਂ ਆਉਂਦੀ।

ਜਦੋਂ ਵੀ ਪੰਜਾਬ ਵਿੱਚ ਕੋਈ ਪ੍ਰਸਿੱਧ ਮੇਲਾ ਨਜ਼ਦੀਕ ਆਉਂਦਾ ਹੈ ਤਾਂ ਇਹ ਮੱਛਰੀ ਹੋਈ ਵਿਹਲੜ ਮੁੰਡੀਹਰ ਘਰ ਦੇ ਕੰਮ ਕਰਨ ਦੀ ਬਜਾਏ, ਪਿਉ ਦੇ ਗਲ 'ਚ 'ਗੂਠਾ ਦੇ ਕੇ ਮੋਟਰ ਸਾਇਕਲ, ਜੀਪਾਂ, ਟਰੈਕਟਰ ਟਰਾਲੀਆਂ ਲੈ ਕੇ ਉਧਰ ਨੂੰ ਧਾਵਾ ਬੋਲ ਦਿੰਦੀ ਹੈ। 5-5, 10-10 ਮੋਟਰ ਸਾਇਕਲ ਸਵਾਰ ਝੁੰਡ ਬਣਾ ਕੇ ਤੇ ਪੀਲੀਆਂ ਝੰਡੀਆਂ ਲਗਾ ਕੇ ਤੁਰ ਪੈਂਦੇ ਹਨ। ਮੁੰਨੇ ਹੋਏ ਮੂੰਹਾਂ ਸਿਰਾਂ ਵਾਲੇ ਇਹ ਵਿਹਲੜ ਹੈਲਮਟ ਪਾਉਣ ਦੀ ਬਜਾਏ ਗਜ ਕੁ ਲੰਬਾ ਚਿੱਟਾ ਜਾਂ ਪੀਲਾ ਸਾਫਾ ਸਿਰ ਤੇ ਵਲੇਟ ਲੈਂਦੇ ਹਨ। ਕਿਸੇ ਵੀ ਜਲਸੇ ਜਲੂਸ ਦੇ ਅੱਗੇ ਮੋਟਰ ਸਾਇਕਲਾਂ ਦੇ ਟੋਲੇ ਆਮ ਹੀ ਦਿਖਾਈ ਦੇਂਦੇ ਹਨ। ਜੇ ਕਿਤੇ ਇਹਨਾਂ ਦਾ ਡੋਪ ਟੈਸਟ ਕੀਤਾ ਜਾਵੇ ਤਾਂ ਅੱਧੇ ਤੋਂ ਜਿਆਦਾ ਡਰੱਗਜ਼ ਨਾਲ ਰੱਜੇ ਹੋਏ ਮਿਲਣਗੇ। ਹੇਮਕੁੰਟ ਸਾਹਿਬ ਦੀ ਯਾਤਰਾ ਵੇਲੇ ਵੀ ਇਹ ਮੋਟਰ ਸਾਇਕਲਾਂ ਵਾਲੇ ਵਿਹਲੜ ਬਹੁਤ ਗਦਰ ਮਚਾਉਂਦੇ ਹਨ। ਅਖਬਾਰਾਂ ਵਿੱਚ ਇਹ ਖਬਰ ਕਈ ਵਾਰ ਛਪੀ ਹੈ ਕਿ ਉੱਤਰਾਖੰਡ ਦੀ ਪੁਲਿਸ ਪੰਜਾਬੀਆਂ ਨਾਲ ਵਿਤਕਰਾ ਕਰਦੀ ਹੈ। ਇਹ ਵਿਤਕਰਾ ਇਹਨਾਂ ਨਾਲ ਹੀ ਕਿਉਂ ਹੁੰਦਾ ਹੈ? ਕਾਰਨ ਇਹ ਹੈ ਕਿ ਇਹ ਉੱਤਰਾਖੰਡ ਦਾ ਕੋਈ ਟਰੈਫਿਕ ਕਾਨੂੰਨ ਨਹੀਂ ਮੰਨਦੇ। ਕੋਈ ਹੈਲਮਟ ਨਹੀਂ ਪਾਉਂਦਾ, ਇੱਕ ਮੋਟਰ ਸਾਇਕਲ ਤੇ ਤਿੰਨ ਤਿੰਨ ਚੰਬੜੇ ਹੁੰਦੇ ਹਨ ਤੇ ਨਾ ਹੀ ਕਿਸੇ ਦੇ ਕਾਗਜ਼ਾਤ ਪੂਰੇ ਹੁੰਦੇ ਹਨ। ਉੱਤਰਾਖੰਡ ਪੁਲਿਸ ਟੂਰਿਜ਼ਮ ਦੀ ਖਾਤਰ ਇਹਨਾਂ ਦੀਆਂ ਜਿਆਦਤੀਆਂ ਬਰਦਾਸ਼ਤ ਕਰ ਲੈਂਦੀ ਹੈ। ਪਰ ਜਦੋਂ ਵੀ ਕੋਈ ਸਖਤ ਅਫਸਰ ਚੈਕਿੰਗ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਧਾਰਮਿਕ ਭੇਦ ਭਾਵ ਦਾ ਰੌਲਾ ਪਾ ਕੇ ਬੈਠ ਜਾਂਦੇ ਹਨ। ਰਸਤੇ ਵਿੱਚ ਪਹਾੜੀਆਂ ਖਿਸਕਣ ਨਾਲ ਸੜਕ 'ਤੇ ਡਿੱਗ ਰਹੇ ਪੱਥਰਾਂ ਦੀ ਵੀ ਪ੍ਰਵਾਹ ਨਹੀਂ ਕਰਦੇ। 3-4 ਸਾਲ ਪਹਿਲਾਂ ਬਾਰਡਰ ਰੋਡਜ਼ ਦੇ ਫੌਜੀਆਂ ਨੇ ਰਿਸ਼ੀਕੇਸ਼ ਤੋਂ ਅੱਗੇ ਸ੍ਰੀਨਗਰ ਲਾਗੇ ਇਹਨਾਂ ਨੂੰ ਬਹੁਤ ਮੁਸ਼ਕਿਲ ਨਾਲ ਸਖਤੀ ਕਰ ਕੇ ਅੱਗੇ ਜਾਣ ਤੋਂ ਰੋਕਿਆ ਸੀ। ਪਿਛਲੇ ਕੁਝ ਸਾਲਾਂ ਤੋਂ ਰਿਸ਼ੀਕੇਸ਼, ਗੋਬਿੰਦ ਘਾਟ ਤੇ ਗੋਬਿੰਦ ਧਾਮ ਗੁਰਦਵਾਰਿਆਂ ਦੇ ਪ੍ਰਬੰਧਕ ਵੀ ਇਹਨਾਂ ਤੋਂ ਅੱਕ ਗਏ ਹਨ। ਰਾਤ ਨੂੰ ਸੌਣ ਲੱਗਿਆਂ ਇਹ ਬਜ਼ੁਰਗਾਂ ਤੱਕ ਤੋਂ ਕੰਬਲ ਖੋਹ ਲੈਂਦੇ ਹਨ। ਕੁਝ ਸਾਲ ਪਹਿਲਾਂ ਜਦੋਂ ਉਤਰਾਖੰਡ ਵਿੱਚ ਹੜ੍ਹ ਆਏ ਸਨ ਤਾਂ ਬਹੁਤੇ ਉਹ ਹੀ ਪੰਜਾਬੀ ਮਰੇ ਸਨ ਜੋ ਵਾਰਨਿੰਗ ਦੇ ਬਾਵਜੂਦ ਗੋਬਿੰਦ ਧਾਮ ਤੋਂ ਅੱਗੇ ਯਾਤਰਾ ਕਰਨ ਤੋਂ ਨਹੀਂ ਸਨ ਟਲੇ।

ਾਡੀ ਜਿਆਦਾਤਰ ਨਵੀਂ ਪੀੜ੍ਹੀ ਦਾ ਧਰਮ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਰਿਹਾ। ਇਹਨਾਂ ਵਾਸਤੇ ਇਹ ਮੇਲੇ ਸਿਰਫ ਮੰਨੋਰੰਜਨ ਦਾ ਸਾਧਨ ਬਣ ਗਏ ਹਨ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਫਤਿਹਗੜ੍ਹ ਸਾਹਿਬ ਜੋੜ ਮੇਲੇ ਵਿੱਚ ਇਹ ਵਿਹਲੜ ਟੋਲੇ ਭੈੜੀ ਜਿਹੀ ਆਵਾਜ ਵਾਲੀਆਂ ਪੀਪਣੀਆਂ ਵਜਾਉਂਦੇ ਅਵਾਰਾਗਰਦੀ ਕਰਦੇ ਆਮ ਹੀ ਵੇਖੇ ਜਾ ਸਕਦੇ ਹਨ। ਇਹਨਾਂ ਵਿੱਚੋਂ ਬਹੁਤਿਆਂ ਨੂੰ ਇਸ ਮੇਲੇ ਦੇ ਇਤਿਹਾਸ ਬਾਰੇ ਪਤਾ ਹੀ ਨਹੀਂ ਹੋਣਾ। ਆਨੰਦਪੁਰ ਸਾਹਿਬ ਹੋਲਾ ਮਹੱਲਾ ਡਿਊਟੀ ਵੇਲੇ ਪਿਛਲੇ ਸਾਲ ਮੈਂ ਅਵਾਰਾ ਘੁੰਮ ਰਹੇ ਇੱਕ ਅਜਿਹੇ ਹੀ ਟੋਲੇ ਨੂੰ ਪੁੱਛਿਆ ਕਿ ਹੋਲਾ ਮਹੱਲਾ ਕਿਉਂ ਮਨਾਉਂਦੇ ਹਨ? ਬਹੁਤਿਆਂ ਦਾ ਜਵਾਬ ਸੀ ਕਿ ਇਸ ਦਿਨ ਖਾਲਸਾ ਪੰਥ ਸਾਜਿਆ ਗਿਆ ਸੀ। ਮੇਲਿਆਂ ਵਿੱਚ ਲੜਾਈ ਝਗੜੇ ਤੇ ਛੇੜ ਛਾੜ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਹਰੇਕ ਸਾਲ ਮੇਲਿਆਂ ਨੂੰ ਜਾਂਦੇ ਅਨੇਕਾਂ ਮੋਟਰ ਸਾਇਕਲ ਸਵਾਰ ਟਰੈਫਿਕ ਕਾਨੂੰਨਾਂ ਦੀ ਉਲੰਘਣਾ ਕਰਦੇ ਹੋਏ ਐਕਸੀਡੈਂਟਾਂ ਕਾਰਨ ਮੌਤ ਦੇ ਮੂੰਹ ਵਿੱਚ ਜਾ ਪੈਂਦੇ ਹਨ। ਘਰ ਦਾ ਕੰਮ ਕਾਰ ਛੱਡ ਕੇ ਤੇ ਪੈਸੇ ਫੂਕ ਕੇ ਮੇਲਿਆਂ ਵਿੱਚ ਜਾ ਕੇ ਅਜਿਹੇ ਮੁਸ਼ਟੰਡਪੁਣੇ ਕਰਨੇ ਠੀਕ ਨਹੀਂ। ਪਰ ਪੁਲਿਸ ਦੇ ਸਿਰਤੋੜ ਯਤਨਾਂ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਵਧਦੀਆਂ ਹੀ ਜਾ ਰਹੀਆਂ ਹਨ।



# ਜਦੋਂ ਪਤੀ-ਪਤਨੀ ਚੁੱਪ ਹੋਣ

ਅਕਸਰ ਹਾਸੇ-ਹਾਸੇ 'ਚ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਵਿਆਹ ਤੋਂ ਪਹਿਲਾਂ ਲੜਕਾ ਬੋਲਦਾ ਹੈ ਤੇ ਲੜਕੀ ਸੁਣਦੀ ਹੈ। ਵਿਆਹ ਤੋਂ ਬਾਅਦ ਪਤਨੀ ਬੋਲਦੀ ਹੈ ਤੇ ਪਤੀ ਸੁਣਦਾ ਹੈ। ਕੁਝ ਸਮੇਂ ਬਾਅਦ ਦੋਵੇਂ ਬੋਲਦੇ ਹਨ ਤੇ ਦੁਨੀਆਂ ਸੁਣਦੀ ਹੈ। ਆਮ ਤੌਰ 'ਤੇ ਸਮਾਂ ਬੀਤਣ ਨਾਲ ਪਤੀ-ਪਤਨੀ ਵਿਚਕਾਰ ਗੱਲਬਾਤ ਦਾ ਸਿਲਸਿਲਾ ਘਟਦਾ ਜਾਂਦਾ ਹੈ। ਪਤੀ ਆਪਣੀਆਂ ਜ਼ਿੰਮੇਵਾਰੀਆਂ 'ਚ ਰੁੱਝ ਜਾਂਦਾ ਹੈ। ਪਤਨੀ ਦੇ ਘਰੇਲੂ ਰੁਝੇਵੇਂ ਹੁੰਦੇ ਹਨ। ਵਿਆਹ ਦੇ ਮੁੱਢਲੇ ਦਿਨਾਂ 'ਚ ਤਾਂ ਉਛਲਦੀ ਜਵਾਨੀ ਦੀ ਚੁੰਬਕੀ ਖਿੱਚ, ਰੁਮਾਂਸ ਅਤੇ ਅਮੋੜ ਖਾਹਿਸ਼ਾਂ ਇਕ ਦੂਜੇ ਨੂੰ ਨੇੜੇ ਕਰੀ ਰੱਖਦੀਆਂ ਹਨ। ਫਿਰ ਜਦੋਂ ਇਨ੍ਹਾਂ ਰੰਗਲੇ ਸੁਪਨਿਆਂ ਦੀ ਹਕੀਕਤ ਦਾ ਜਾਦੂ ਟੁੱਟਦਾ ਹੈ, ਘਰੇਲੂ ਜ਼ਿੰਮੇਵਾਰੀਆਂ ਵਧਦੀਆਂ ਹਨ, ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਆਪਸੀ ਪਿਆਰ ਅਤੇ ਬੋਲਚਾਲ ਦਾ ਸਿਲਸਿਲਾ ਕੁਦਰਤੀ ਤੌਰ 'ਤੇ ਘੱਟ ਹੋ ਜਾਂਦਾ ਹੈ। ਕਈ ਵਾਰ ਥੋੜ੍ਹੇ ਬਹੁਤ ਮਨ-ਮੁਟਾਵ ਦੇ ਹੁੰਦਿਆਂ ਆਪਸੀ ਬੋਲਚਾਲ ਬੰਦ ਵੀ ਹੋ ਜਾਂਦੀ ਹੈ। ਦਿਲ ਦੀ ਗੱਲ ਦਿਲ ਵਿੱਚ ਹੀ ਰੱਖ ਲੈਣ ਅਤੇ ਅੰਤਰਮੁਖੀ ਹੋ ਜਾਣ ਨਾਲ ਦੋਵੇਂ ਜੀਅ ਆਪਣੇ ਅੰਦਰ ਘੁਟਣ ਜਿਹੀ ਮਹਿਸੂਸ ਕਰਨ ਲੱਗਦੇ ਹਨ ਜੋ ਬਹੁਤ ਨੁਕਸਾਨਦਾਇਕ ਹੈ। ਦੋਵੇਂ ਜੀਅ ਹੁਣ ਤਕ ਵੱਖੋ-ਵੱਖਰੇ ਮਾਹੌਲ 'ਚ ਪਲੇ ਹੁੰਦੇ ਹਨ। ਸਿੱਖਿਆ, ਸੰਸਕਾਰ ਅਤੇ ਸੋਚ ਵਿਚਾਰ ਦਾ ਢੰਗ ਵੱਖਰਾ ਹੁੰਦਾ ਹੈ। ਦੋਹਾਂ ਜੀਆਂ ਦੀ ਆਪਣੀ ਵੱਖਰੀ ਹੈਸੀਅਤ ਅਤੇ ਰੁਤਬਾ ਰਿਹਾ ਹੁੰਦਾ ਹੈ। ਗ੍ਰਹਿਸਥੀ ਜ਼ਿੰਦਗੀ 'ਚ ਦੋਵੇਂ ਹੀ ਇੱਕ ਦੂਸਰੇ ਨੂੰ ਆਪਣੀ ਸੋਚ ਅਨੁਸਾਰ ਢਾਲਣਾ ਚਾਹੁੰਦੇ ਹਨ, ਪਰ ਜਿਸ ਤਰ੍ਹਾਂ ਪੱਕਾ ਭਾਂਡਾ ਬਿਨਾਂ ਤੋੜਿਆਂ ਕਿਸੇ ਹੋਰ ਸਾਂਚੇ 'ਚ ਨਹੀਂ ਢਾਲਿਆ ਜਾ ਸਕਦਾ, ਇਹੀ ਹਾਲ ਆਦਮੀ ਦਾ ਹੈ। ਸਾਥੀ ਨੂੰ ਬਦਲਣ ਵਿੱਚ ਸਫ਼ਲਤਾ ਨਹੀਂ ਮਿਲਦੀ, ਆਪ ਬਦਲ ਨਹੀਂ ਸਕਦਾ। ਫਿਰ ਇੱਕ ਦੂਜੇ ਉੱਤੇ ਦਬਾਅ ਪਾਇਆ ਜਾਂਦਾ ਹੈ ਤਾਂ ਕਲੇਸ਼ ਵੱਧਦਾ ਹੈ ਜਾਂ ਫਿਰ ਚੁੱਪ ਰਹਿਣ 'ਚ ਭਲਾ ਸਮਝਿਆ ਜਾਂਦਾ ਹੈ। ਇਸ ਗਰਮਾਹਟ ਭਰੇ ਅਟੁੱਟ ਰਿਸ਼ਤੇ 'ਚ ਜ਼ਿਆਦਾ ਚੁੱਪ ਰਹਿਣਾ ਅਤੇ ਗੱਲਬਾਤ ਬੰਦ ਕਰਨਾ ਵੀ ਰੜਕਣ ਲੱਗ ਪੈਂਦਾ ਹੈ। ਪਰਸਪਰ ਦੂਰੀਆਂ ਵਧ ਜਾਂਦੀਆਂ ਹਨ। ਦੋਹਾਂ ਜੀਆਂ ਨੂੰ ਚਾਹੀਦਾ ਹੈ ਕਿ ਇਕ ਦੂਸਰੇ ਦੀਆਂ ਜ਼ਰੂਰਤਾਂ ਨੂੰ ਬਾਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ, ਇਕ ਦੂਜੇ ਦੀਆਂ ਇੱਛਾਵਾਂ ਨੂੰ ਮਹਿਸੂਸ ਕਰਕੇ ਪੂਰੀਆਂ ਕਰਨ ਦੇ ਯਤਨ ਕੀਤੇ ਜਾਣ। ਦੋਹਾਂ ਨੂੰ ਚਾਹੀਦਾ ਹੈ ਕਿ ਇਕ ਦੂਜੇ ਨੂੰ ਬੁਲਾਉਣ ਦੇ ਮੌਕੇ ਲੱਭਣ। ਅਜਿਹੇ ਮੌਕੇ ਹੁੰਦੇ ਹਨ ਜਦੋਂ ਜਾਣਬੁੱਝ ਕੇ ਕੁਝ ਪੁੱਛ ਲਿਆ ਜਾਵੇ। ਜੇਕਰ ਪਤੀ ਅਖ਼ਬਾਰ ਪੜ੍ਹ ਰਿਹਾ ਹੈ ਤਾਂ ਪਤਨੀ ਪੁੱਛ ਲਵੇ, "ਕੀ ਕਰ ਰਹੇ ਓ'..? ਤਾਂ ਇਸ ਦਾ ਸਿੱਧਾ ਮਤਲਬ ਹੁੰਦਾ ਹੈ 'ਮੈਨੂੰ ਬੁਲਾਓ ਜੀ..ਮੈਂ ਗੱਲ ਕਰਨਾ ਚਾਹੁੰਦੀ ਹਾਂ..ਪਰ ਜੇਕਰ ਅੱਗੋਂ ਜੁਆਬ ਮਿਲਦਾ ਹੈ ਦਿਸਦਾ ਨਹੀਂ.. ..'। ਇਸੇ ਤਰ੍ਹਾਂ ਜੇ ਪਤਨੀ ਸਬਜ਼ੀ ਕੱਟ ਰਹੀ ਹੈ ਤੇ ਪਤੀ ਪੁੱਛ ਲਵੇ: " ਕੀ ਬਣ ਰਿਹੈ..। "ਤੇ ਅੱਗੋਂ ਜੁਆਬ ਮਿਲੇਗਾ ਪਤਾ ਨਹੀਂ..।" ਤਾਂ ਸਮਝੋ ਅੱਗੇ ਤੋਂ ਗੱਲਬਾਤ ਦਾ ਸਿਲਸਿਲਾ ਬੰਦ। ਪਤੀ-ਪਤਨੀ ਨੂੰ ਸਮਝਣਾ ਚਾਹੀਦਾ ਹੈ ਕਿ ਇਹੀ ਤਾਂ ਗੱਲਬਾਤ ਕਰਨ, ਨੇੜੇ ਆਉਣ ਅਤੇ ਰੋਸੇ ਦੂਰ ਕਰਨ ਦਾ ਸ਼ੁਰੂਆਤੀ ਮੌਕਾ ਹੁੰਦਾ ਹੈ। ਅਜਿਹੇ ਸੁੰਦਰ ਮੌਕੇ ਹੱਥੋਂ ਨਹੀਂ ਜਾਣ ਦੇਣੇ ਚਾਹੀਦੇ। ਵਿਆਹ ਤੋਂ ਪਹਿਲਾਂ ਇਕੱਠੇ ਪੜ੍ਹਦਿਆਂ ਤਾਂ ਰੁਮਾਂਸ ਦੀਆਂ ਗੱਲਾਂ, ਮੁੰਡੇ-ਕੁੜੀਆਂ ਦੀਆਂ ਗੱਲਾਂ, ਖੇਡ ਕੁੱਦ ਅਤੇ ਹੋਰ ਅਨੇਕਾਂ ਵਿਸ਼ਿਆਂ ਉੱਤੇ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ, ਪਰ ਵਿਆਹ ਤੋਂ ਬਾਅਦ ਇਹ ਸਭ ਬੰਦ ਹੋ ਜਾਂਦੀਆਂ ਹਨ। ਪਤਨੀ ਦੂਸਰੇ ਆਦਮੀ ਬਾਰੇ ਗੱਲ ਕਰਨ ਤੋਂ ਝਿਜਕਦੀ ਹੈ। ਇਹ ਹਾਲ ਪਤੀ ਦਾ ਵੀ ਹੈ। ਇਹ ਇੱਕ ਈਰਖਾ ਦਾ ਵਿਸ਼ਾ ਬਣ ਜਾਂਦਾ ਹੈ। ਪਹਿਲਾਂ ਵਾਲੀ ਸਹਿਜਤਾ ਖ਼ਤਮ ਹੋ ਜਾਂਦੀ ਹੈ। ਇਕ ਤਾਨਾਸ਼ਾਹੀ ਰਵੱਈਆ, ਦੂਜਾ ਇਕ ਦੂਜੇ ਨੂੰ ਤੁੱਛ ਜਿਹਾ ਅਤੇ ਬੇਵਕੂਫ਼ ਸਮਝਣ ਦੀ ਭਾਵਨਾ, ਤੀਜਾ ਇਕ ਦੂਜੇ ਦੇ ਕੰਮ ਨੂੰ ਮਹੱਤਵਹੀਣ ਸਮਝ ਕੇ ਦੁਰ-ਵਿਵਹਾਰ ਕਰਨਾ ਇਹ ਸਭ ਪਤੀ-ਪਤਨੀ ਦੇ ਕਾਮ ਸਬੰਧਾਂ ਉੱਤੇ ਮਾੜਾ ਅਸਰ ਪਾਉਂਦੇ ਹਨ। ਕਈ ਵਾਰ ਪਤਨੀ ਪਤੀ ਨੂੰ ਮਤਲਬੀ ਸਮਝ ਕੇ ਸਰੀਰਕ ਸੁੱਖ ਤੋਂ ਦੂਰ ਰੱਖਦੀ ਹੈ। ਫਲਸਰੂਪ ਮਾਨਸਿਕ ਤਣਾਓ ਵਧ ਜਾਂਦਾ ਹੈ। ਮਨਾਂ ਅੰਦਰ ਗ਼ਲਤ ਫਹਿਮੀਆਂ ਘਰ ਕਰ ਜਾਂਦੀਆਂ ਹਨ। ਬੋਲਚਾਲ ਦਾ ਸਿਲਸਿਲਾ ਚੱਲਦਾ ਰੱਖਣ ਲਈ ਜ਼ਰੂਰੀ ਹੈ ਕਿ ਇੱਕ ਦੂਜੇ ਦੀਆਂ ਰੁਚੀਆਂ ਜਾਣ ਕੇ ਉਸ ਵਿਸ਼ੇ ਉੱਤੇ ਗੱਲ ਕੀਤੀ ਜਾਵੇ। ਇਹ ਸਿਲਸਿਲਾ ਚੱਲਦਾ ਰਹਿੰਦਾ ਹੈ ਤਾਂ ਗ਼ਲਤ ਫਹਿਮੀਆਂ ਪੈਦਾ ਨਹੀਂ ਹੁੰਦੀਆਂ। ਹੁੰਦੀਆਂ ਵੀ ਹਨ ਤਾਂ ਜਲਦੀ ਦੂਰ ਵੀ ਹੋ ਜਾਂਦੀਆਂ ਹਨ। ਲੋੜ ਹੈ ਨਿੱਕੀਆਂ-ਮੋਟੀਆਂ ਰੰਜ਼ਿਸ਼ਾਂ ਭੁਲਾ ਕੇ ਇੱਕ ਦੂਜੇ ਪ੍ਰਤੀ ਸਮਰਪਿਤ ਹੋਣ ਦੀ।



**—ਸੰਤੋਖ ਸਿੰਘ ਭਾਣਾ**


K-TOWN
Carpets & Flooring LTD.

G STAR Interiors

Special Deal 25% OFF On old Stock

HURRY UP

Offer Valid Till 28 Feb 2023

Best Price!
» Laminate
» Gym Flooring
» Luxury Vinyl
» Engineer/Hard Wood

WE ARE OPEN NOW IN KELOWNA
810 CLEMENT AVE UNIT 102
CONTACT: 236 970 0606

Best Quality
» Tiles
» Marble/Stones
» Mosaic Tiles
» Artificial Grass

ਲੇਮੀਨੇਟ/ਕਾਰਪੇਟ, ਇੰਜੀਨੀਅਡ/ਹਾਰਡਵੁੱਡ
ਲਗਜ਼ਰੀ ਵਾਇਨਲ, ਜਿਮ ਫਲੋਰਿੰਗ
Contact: 778 552 4955
30755 Simson Rd Unit 101 Abbotsford,
www.ktowncarpets.ca

ਡਿਜ਼ਾਈਨਰ ਟਾਈਲਾਂ, ਡੋਰ ਨੋਬਜ਼ ਅਤੇ ਲੋਕਸ,
ਸੱਬਵੇ ਟਾਈਲਜ਼ ਆਊਟ ਡੋਰ ਟਾਈਲਾਂ ਅਤੇ ਆਰਟੀਫੀਸ਼ੀਅਲ ਘਾਹ
Contact: 604 373 0009
2098 Carpenter St Unit 100 Abbortsford
www.gstarinterliors.com


# ਕਵਿਤਾ ਨੇ ਜਿੱਤਿਆ ਪੀ ਟੀ ਸੀ ਵਾਇਸ ਆਫ ਪੰਜਾਬ ਦਾ ਸਰਬੋਤਮ ਐਵਾਰਡ

**ਬਲਵਿੰਦਰ ਬਾਲਮ**

ਬਹਿਰਾਮਪੁਰ, ਜਿਲ੍ਹਾ ਗੁਰਦਾਸਪੁਰ, ਪੰਜਾਬ ਦੀ 19 ਸਾਲਾ ਕਵਿਤਾ ਨੇ ਪੀ.ਟੀ.ਸੀ. ਚੈਨਲ ਪੰਜਾਬ ਦੁਆਰਾ ਕਰਵਾਏ ਗਏ ਵਾਇਸ ਆਫ਼ ਪੰਜਾਬ ਸੀਜਨ 13 ਦੇ ਮੁਕਾਬਲੇ 'ਚੋਂ ਸਰਵੋਤਮ ਸਥਾਨ ਹਾਸਿਲ ਕਰਕੇ ਗਾਇਨ ਕਲਾ ਖੇਤਰ ਦੀ ਖ਼ੂਬਸੂਰਤੀ ਤੇ ਸੰਵੇਦਨ ਸ਼ੀਲਤਾ ਵਿਚ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ, ਉਸ ਨੇ ਇਹ ਸਖ਼ਤ ਮੁਕਾਬਲਾ ਜਿੱਤ ਕੇ ਇਕ ਲੱਖ ਰੁਪਏ ਅਤੇ ਇਕ ਖ਼ੂਬਸੂਰਤ ਟਰਾਫ਼ੀ ਹਾਸਿਲ ਕੀਤੀ। ਇਸ ਮੁਕਾਬਲੇ ਦੌਰਾਨ ਉਸ ਨੇ ਚਾਰ ਗੋਲਡ ਮੈਡਲ ਵੀ ਜਿੱਤੇ। ਉਸ ਨੇ 2022-23 ਦੇ ਸੈਸ਼ਨ ਦੌਰਾਨ ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲੇ, ਅੰਮ੍ਰਿਤਸਰ, ਦੁਆਰਾ ਕਰਵਾਏ ਗਏ ਜ਼ੋਨਲ ਯੂਥ ਫੈਸਟੀਵਲ ਗਰੁੱਪ ਸੌਂਗ, ਗਰੁੱਪ ਸ਼ਬਦ, ਵਾਰ, ਕਵਿਸਰੀ ਅਤੇ ਨਿੱਜੀ ਗ਼ਜ਼ਲ ਮੁਕਾਬਲੇ ਵਿਚ ਭਾਗ ਲੈ ਕੇ ਪਹਿਲੇ ਸਥਾਨ ਹਾਸਿਲ ਕੀਤੇ। ਉਸ ਨੂੰ ਗਣਤੰਤਰ ਦਿਵਸ ਮੌਕੇ ਤੇ ਜ਼ਿਲ੍ਹਾ ਪੱਧਰੀ ਸਮਾਗਮ ਵਿਚ ਕੈਬਨਿਟ ਮਤਰੀ ਸ. ਹਰਭਜਨ ਸਿੰਘ ਵਲੋਂ ਵਿਸ਼ੇਸ ਸਨਮਾਨ ਪ੍ਰਦਾਨ ਕੀਤਾ ਗਿਆ। ਕਾਲਿਜ ਦੇ ਪ੍ਰਿੰਸੀਪਲ ਪ੍ਰੋ. ਗੁਰਿੰਦਰ ਸਿੰਘ ਕਲਸੀ ਅਤੇ ਸਟਾਫ਼ ਨੇ ਵਿਸ਼ੇਸ ਸਨਮਾਨ ਦੇ ਕੇ ਆਸ਼ੀਰਵਾਦ ਦਿੱਤਾ। ਇਸ ਹਲਕੇ ਦੀ ਵਰਤਮਾਨ ਵਿਧਾਇਕਾ ਸ੍ਰੀਮਤੀ ਅਰੁਣਾ ਚੌਧਰੀ ਨੇ ਉਸ ਨੂੰ ਇੱਕੀ ਹਜ਼ਾਰ ਰੁਪਏ ਦੇ ਕੇ ਸਨਮਾਨਿਤ ਕੀਤਾ। ਪਿੰਡ ਦੇ ਸਰਪੰਚ ਨੇ ਪੰਜ



ਹਜ਼ਾਰ, ਸਕੂਲ ਅਧਿਆਪਕਾ ਮੈਡਮ ਗੀਟਾ ਨੇ ਪੰਜ ਹਜ਼ਾਰ ਰੁਪਏ ਅਤੇ ਜ਼ਿਲ੍ਹਾਧੀਸ ਹਿਮਾਸ਼ੂ ਅਗਰਵਾਲ ਨੇ ਵੀ ਸਨਮਾਨਿਤ ਕੀਤਾ। ਪਿੰਡ ਵਾਲਿਆਂ ਵੱਲੋਂ ਉਸ ਦੇ ਜਿੱਤ ਕੇ ਵਾਪਿਸ ਆਉਣ ਦੀ ਖ਼ੁਸ਼ੀ ਵਿਚ ਉਸ ਦਾ ਪੂਰੇ-ਪੂਰੇ ਸਤਿਕਾਰ ਨਾਲ ਅਨੇਕਾਂ ਹਾਰ ਪਾ ਕੇ ਮਾਨ-ਸਨਮਾਨ ਕੀਤਾ। ਉਸ ਨੇ ਇਹ ਸਰਵੋਤਮ ਈਨਾਮ ਹਾਸਿਲ ਕਰਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਆਧੁਨਿਕ ਗਾਇਨ ਕਲਾ ਦੀ ਬੁਲੰਦੀ ਨਾਲ ਜੋੜਿਆ ਹੈ। ਉਸ ਨੇ ਖ਼ਾਸ ਕਰਕੇ ਪਿਛੜੇ ਇਲਾਕੇ ਦੀਆਂ ਮੁਟਿਆਰਾਂ ਵਿਚ ਹੀ ਨਹੀਂ ਅਲਬੱਤਾ ਪੂਰੇ ਪੰਜਾਬੀ ਜਗਤ ਦੀ ਗਾਇਨ ਕਲਾ ਨੂੰ ਬੱਲ, ਊਰਜ਼ਾ, ਸੰਘਰਸ਼, ਸੰਕਲਪ, ਕਰਮਠਤਾ ਅਤੇ ਨਵੇਂ ਕੀਰਤੀਮਾਨ ਨਾਲ ਜੋੜ ਦਿੱਤਾ ਹੈ। ਕਿਉਂਕਿ ਇਕ ਬਿਲਕੁਲ ਪਿਛੜੇ ਇਲਾਕੇ ਦੀ ਗ਼ਰੀਬ ਘਰਾਨੇ ਦੀ ਲੜਕੀ ਨੇ ਇਹ ਖ਼ਿਤਾਬ ਜਿੱਤ ਕੇ ਸਾਬਿਤ ਕਰ ਦਿੱਤਾ ਹੈ ਕਿ ਕੋਈ ਵੀ ਕਲਾ ਅਮੀਰੀ, ਗ਼ਰੀਬ, ਰੰਗ ਰੂਪ, ਜਾਤ-ਪਾਤ, ਇਲਾਕਾ ਜਾਂ ਜੱਦੀ ਪੁਸ਼ਤੀ ਗਾਇਕ ਘਰਾਨਿਆਂ ਤਕ ਹੀ ਸੀਮਤ ਨਹੀਂ ਬਲਕਿ ਗਾਇਨ ਕਲਾ




ਮਿਹਨਤ, ਸੰਘਰਸ਼ ਰਿਆਜ਼, ਤਪਸਿਆ, ਸਾਧਨਾ, ਮਾਨਵ ਜੀਵਨ ਦੀ ਆਤਮਾ ਅਤੇ ਸਮਰਪਣ ਦੀ ਕਲਾ ਹੈ ਜਿਸ ਨੂੰ ਕਰਮਠਤਾ ਅਤੇ ਪ੍ਰਮਾਤਮਾ ਦੇ ਆਸ਼ੀਰਵਾਦ ਨਾਲ ਹਾਸਿਲ ਕੀਤਾ ਜਾ ਸਕਦਾ ਹੈ, ਕਿਉਂਕਿ ਗਾਇਨ ਕਲਾ, ਜੀਵਨ ਕਦਰਾਂ ਕੀਮਤਾਂ ਦੀ ਕਿਰਿਆ ਸ਼ੀਲਤਾ ਦਾ ਪ੍ਰਤੀ ਬਿੰਬ ਹੈ ਜੋ ਸਭਿਆਚਾਰ ਨੂੰ, ਜੀਵਨ ਨੂੰ ਦਿਸ਼ਾ ਅਤੇ ਚੇਤਨਤਾ ਪ੍ਰਦਾਨ ਕਰਦੀ ਹੈ। ਜੀਵਨ ਰਾਗਾਤਮਿਕਤਾ ਕਿਸੇ ਦੀ ਮੁਥਾਜ ਨਹੀਂ ਹੈ। ਕਵਿਤਾ ਦੇ ਪਿਤਾ ਸ੍ਰੀ ਰੂਪ ਲਾਲ ਇਟ ਭੱਠੇ ਤੇ ਮੁਨਸੀ ਮੁਲਾਜ਼ਿਮ ਹਨ। ਉਸ ਦੀ ਮਾਤਾ ਸ੍ਰੀਮਤੀ ਰਸ਼ਮੀ ਦੇਵੀ ਇਕ ਘਰੇਲੂ ਮਹਿਲਾ ਹੈ, ਉਸ ਦਾ ਵੱਡਾ ਭਰਾ ਪਵਨ ਕੁਮਾਰ, ਭੈਣ ਮੋਹਨੀ ਅਤੇ ਭੈਣ ਸੋਹਣੀਆਂ ਹਨ। ਸਾਰੇ ਪਰਿਵਾਰ ਦਾ ਉਸ ਨੂੰ ਹਰ ਪੱਖ ਤੋਂ ਪੂਰਾ- ਪੂਰਾ ਸਹਿਯੋਗ ਹੈ।

ਕਵਿਤਾ ਨੇ ਪ੍ਰਾਇਮਰੀ ਮਿਡਲ ਅਤੇ ਦਸਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲਾਂ 'ਚੋਂ ਹੀ ਕੀਤੀ। ਉਸ ਨੇ ਦੱਸਿਆ ਕਿ ਜਦੋਂ ਉਹ ਤਿੰਨ ਸਾਲ ਦੀ ਸੀ ਤਾਂ ਉਸ ਨੂੰ ਗਾਉਣ ਦਾ ਸੌਕ ਪੈ ਗਿਆ ਕਿਉਂਕਿ ਉਸ ਦੇ ਦਾਦਾ ਜੀ ਸਵ. ਵੀਰਪਾਨ ਦੀ ਜਗਰਾਤਾ ਗਾਇਨ ਕਰਦੇ ਸਨ ਅਤੇ ਉਨ੍ਹਾਂ ਨੂੰ ਪੰਜਾਬੀ ਗੀਤ ਗਾਉਣ ਦਾ ਵੀ ਸ਼ੌਕ ਸੀ। ਉਨ੍ਹਾਂ ਦੀ ਗੋਦੀ ਦਾ ਨਿਘ ਮਾਣਦੇ ਹੋਏ ਕਵਿਤਾ ਨੇ ਗਾਇਨ ਕਲਾ ਦੀ ਗੁੜਤੀ ਅਪਣੇ ਦਾਦਾ ਜੀ ਕੋਲੋਂ ਲਈ। ਉਨ੍ਹਾਂ ਦੇ ਆਸ਼ੀਰਵਾਦ ਅਤੇ ਸ਼ੁਭਕਾਮਨਾਵਾਂ ਦੀ ਬਦੌਲਤ ਉਸ ਵਿਚ ਗਾਇਨ ਕਲਾ ਦੀ ਪੁੰਗਰਨ ਫੁੱਟਣੀ ਸ਼ੁਰੂ ਹੋਈ। ਇਸ ਕਰਕੇ ਉਸ ਦੀ ਆਵਾਜ਼ ਵਿਚ ਲਚਕ, ਦਰਦ, ਲਲਕ, ਹੂਕ, ਸੰਘਰਸ਼, ਮਿਹਨਤ, ਲਗਨ, ਸਾਧਨਾ ਜਨੂੰਨ ਅਤੇ ਸੰਵੇਦਨਾ ਭਾਵ ਦੀ -ਖ਼ੁਸ਼ਬੂ ਉਤਪਨ ਹੋਣ ਲੱਗੀ। ਦਾਦਾ ਜੀ ਦੇ ਸਦਕੇ ਹੀ, ਉਸ ਵਿਚ ਸੁਰ ਲੈ ਵਿਧਾਨ ਦੀ ਸਮਝ ਵਧਣ ਲੱਗੀ। ਗਾਇਕ ਕਲਾ ਦਾ ਬੋਧ ਜਾਗਰਿਤ ਹੋਣ ਲੱਗਾ। ਕਵਿਤਾ ਨੇ ਛੇਵੀਂ ਕਲਾਸ ਵਿਚ ਪਹਿਲੀ ਵਾਰ ਸਾਡਾ ਚਿੜੀਆਂ ਦਾ ਚੰਬਾ ਵੇ ਗਾਇਨ ਕਰਕੇ ਖ਼ੂਬ ਵਾਹ ਵਾਹੀ ਲੁੱਟੀ, ਪੜ੍ਹਾਈ ਦੇ ਨਾਲ-ਨਾਲ ਉਹ ਸਤਸੰਗ ਅਤੇ ਸ਼ਬਦ ਕੀਰਤਨ ਵੀ ਕਰ ਲੈਂਦੀ ਸੀ। ਅਠਵੀਂ ਕਲਾਸ ਵਿਚ ਪੜ੍ਹਦਿਆਂ ਸਕੂਲ ਦੇ ਅਧਿਆਪਕ ਦਵਿੰਦਰ ਜੀ ਨੇ ਉਨ੍ਹਾਂ ਨੂੰ ਹੋਰ ਉਤਸਾਹਿਤ ਕੀਤਾ। ਉਸਤਾਦ ਅਲ ਮਸਤ ਸੋਨੂੰ ਜੀ ਤੋਂ ਵੀ ਗਾਇਕ ਕਲਾ ਦੀਆਂ ਬਾਰੀਕੀਆਂ ਸਿਖੀਆਂ, ਉਸਤਾਦ ਪਵਨ ਕੁਮਾਰ, ਸੰਗੀਤਕਾਰ ਪ੍ਰਦੇਸੀ ਅਤੇ ਵਰਤਮਾਨ ਉਸਤਾਦ ਪ੍ਰਸਿੱਧ ਸੰਗੀਤਕਾਰ ਸੰਸਾਰ ਅਲੀ ਜੀ ਨੂੰ ਅਪਣਾ ਗੁਰੂ ਮੰਨਦੇ ਹੋਏ ਗਾਇਕ ਕਲਾ ਦੀਆਂ ਨਿਪੁੰਨ ਕਲਾਵਾਂ ਸਿਖੀਆਂ। ਕਵਿਤਾ ਪੰਜਾਬੀ ਅਤੇ ਹਿੰਦੀ ਦੋਵਾਂ ਭਾਸ਼ਾਵਾਂ ਇਹ ਬਰਾਬਰ ਗਾਇਕ ਕਲਾ ਵਿੱਚ ਮੁਹਾਰਤ ਰੱਖਦੀ ਹੈ। ਉਸ ਨੇ ਦੱਸਿਆ ਕਿ ਵਾਇਸ ਆਫ਼ ਪੰਜਾਬ ਦੇ ਦੌਰਾਨ ਪ੍ਰਸਿੱਧ ਸੰਗੀਤਕਾਰ ਵਿਵੇਕ ਮਹਾਜਨ ਜੀ ਤੋਂ ਕਈ ਗੁਰ ਸਿੱਖੇ, ਇਸ ਪ੍ਰੋਗਰਾਮ ਦੇ ਡਾਇਰੈਕਟਰ ਉਮੇਸ਼ ਕੋਹਲੀ ਦੀ ਭੂਮਿਕਾ ਸਲਾਹੁਣ




ਯੋਗ ਸੀ ਜਦਕਿ ਜੱਜਾਂ ਦੀ ਭੂਮਿਕਾ ਵਿਚ ਪ੍ਰਸਿੱਧ ਹਸਤੀਆਂ ਮਾਸਟਰ ਸਲੀਮ, ਸਚਿਨ ਅਹੂਜਾ, ਜੋਤਿਕਾ ਟਾਂਗਰੀ ਅਤੇ ਕਪਤਾਨ ਲਾਡੀ ਜੀ ਨੇ ਬਹੁਤ ਹੀ ਈਮਾਨਦਾਰੀ ਅਤੇ ਸੁਚੱਜੇ ਢੰਗ ਨਾਲ ਖ਼ੂਬਸੂਰਤ ਫੈਸਲੇ ਲਏ। ਇਨ੍ਹਾ ਤੋਂ ਗਾਇਕਾ ਨੇ ਬਹੁਤ ਕੁਝ ਸਿੱਖਿਆ। ਕਵਿਤਾ ਨੂੰ ਗਾਉਣ ਦੇ ਨਾਲ-ਨਾਲ ਡਾਂਸ ਕਰਨਾ, ਐਕਟਿੰਗ ਕਰਨਾ, ਗਿੱਧਾ ਪਾਉਣਾ, ਬੋਲੀਆਂ ਆਦਿ ਕਲਾਵਾਂ ਦਾ ਵੀ ਸ਼ੌਕ ਹੈ। ਉਹ ਫ਼ਿਲਮ ਉਦਯੋਗ ਤਕ ਜਾਣਾ ਚਾਹੁੰਦੀ ਹੈ ਅਤੇ ਪੇਸ਼ੇ ਵਜੋਂ ਇਕ ਅਧਿਆਪਕ ਬਣਨਾ ਚਾਹੁੰਦੀ ਹੈ । ਉਸ ਨੇ ਅਪਣੇ ਗਾਇਨ ਅਭਿਆਸ ਦੌਰਾਨ ਤਿੰਨ ਮਹੀਨਿਆਂ ਵਿਚ 32 ਜਾਗਰਣਾਂ ਵਿਚ ਭਜਨ ਗਾਏ ਮਗਰ ਕੋਈ ਸੇਵਾ ਫਲ ਨਹੀਂ ਲਿਆ। ਉਸ ਨੇ ਆਖ਼ਿਰ ਵਿਚ ਆਪਣੇ ਸੰਦੇਸ਼ ਵਿਚ ਕਿਹਾ ਕਿ ਲੜਕੀਆਂ ਨੂੰ ਨਿਡਰ, ਨਿਰਪਖ, ਮਿਹਨਤੀ, ਸੰਘਰਸ਼, ਨਿਝੱਕ, ਸੰਵੇਦਨਸ਼ੀਲ ਅਤੇ ਈਮਾਨਦਾਰੀ ਨਾਲ ਅੱਗੇ ਵਧਣਾ ਚਾਹੀਦਾ ਹੈ। ਜਿਸ ਨਾਲ ਮਾਂ, ਬਾਪ, ਦੇਸ਼-ਪ੍ਰਦੇਸ਼ ਦਾ ਨਾਮ ਰੌਸ਼ਨ ਹੋਵੇ। ਸਹੀ ਮਾਰਗ ਦਰਸ਼ਨ, ਸਹੀ ਕਲਾ ਕੌਸ਼ਲ ਅਤੇ ਸੰਗੀਤ ਅਭਿਆਸ ਸਾਧਨਾ ਨੂੰ ਮਿਹਨਤ ਨਾਲ ਤਰਜ਼ੀਹ ਦੇਣੀ ਚਾਹੀਦੀ ਹੈ। ਲੜਕੀਆਂ ਹੀ ਅਸਲੀ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਹਨ। ਕਿਰਿਆ ਸ਼ੀਲਤਾ ਨੂੰ ਪ੍ਰਤੀਬਿੰਬਤ, ਜੀਵਨ ਦ੍ਰਿਸ਼, ਚੇਤਨਤਾ ਪ੍ਰਦਾਨ ਕਰਦੀਆਂ ਹਨ। ਪਿਛੜੇ ਖੇਤਰ ਦੀਆਂ ਲੜਕੀਆਂ ਨੂੰ ਹਰ ਖੇਤਰ ਵਿਚ ਮਿਹਨਤ ਕਰਕੇ ਅੱਗੇ ਆਉਣਾ ਚਾਹੀਦਾ ਹੈ।







# ਪਰਮਜੀਤ ਲਾਲੀ ਦੀਆਂ ਰਚਨਾਵਾਂ

## ਕੁਦਰਤ

ਜਿਸ ਕੁਦਰਤ ਨੇ ਸੱਭ ਬਣਾਇਆ,
ਲੋਕਾਂ ਉਸ ਨੂੰ ਰੱਬ ਬਣਾਇਆ,
ਸੋਚਣ ਵਾਲੀ ਗੱਲ ਹੈ ਇਹ,
ਕੀ-ਕਦੋਂ ਤੇ ਕੱਦ ਬਣਾਇਆ,
ਧਰਮ ਦੇ ਠੇਕੇਦਾਰ ਰਲ਼ਕੇ,
ਰੱਬ ਦਾ ਕੈਸਾ ਜੱਭ ਬਣਾਇਆ,
ਚਤਰ ਚਲਾਕੀ ਨਾਲ ਆਪਣੇ,
ਬੰਦੇ ਨੂੰ ਲਾਈਲੱਗ ਬਣਾਇਆ,
ਜਾਤਾਂ-ਪਾਤਾਂ ਦੇ ਵਿਚ ਵੰਡ ਕੇ,
ਭੇਦਭਾਵ ਵਾਲਾ ਜੱਗ ਬਣਾਇਆ,
ਇੱਕ ਲੁੱਟਦਾ, ਦੂਜਾ ਲੁਟ ਹੁੰਦਾ,
ਦੇਖੋ ਕੈਸਾ ਸਬੱਬ ਬਣਾਇਆ,
ਕਿ ਸਦੀਆਂ ਪਹਿਲਾਂ ਵੀ ਏਦਾਂ ਹੀ ਸੀ,
ਜਿਦਾਂ ਦਾ ਹੈ, ਅੱਜ ਬਣਾਇਆ,
ਇੰਝ ਲੱਗਦਾ ਕੁੱਝ ਸ਼ਾਤਿਰ ਲੋਕਾਂ,
ਗੋਰਖਧੰਦੇ ਦਾ ਕਰਤਬ ਬਣਾਇਆ.......

ਜਿਸ ਕੁਦਰਤ ਨੇ ਸੱਭ ਬਣਾਇਆ,
ਲੋਕਾਂ ਉਸ ਨੂੰ ਰੱਬ ਬਣਾਇਆ.........

## ਜਗਤ ਜਨਨੀ

ਜਗਤ ਜਨਨੀ ਦਾ ਰੁਤਬਾ,
ਦਿੱਤਾ ਜਾਂਦਾ ਹੈ, ਭਾਵੇਂ ਔਰਤ ਨੂੰ,
ਪਰ ਓਹਦੇ ਜੰਮਣ ਤੋਂ ਪਹਿਲਾਂ ਹੀ,
ਲਾ ਦਿੱਤੀ ਜਾਂਦੀ ਹੈ ਪਾਬੰਦੀ,
ਉਹਦੇ ਜਨਮ ਤੇ,
ਹੁੰਦੀ ਹੈ ਕੋਸ਼ਿਸ਼ ਓਹਨੂੰ,
ਕੁੱਖ ਚ ਕਤਲ ਕਰਨ ਦੀ,
ਉਹਦੇ ਜੰਮਣ ਤੇ ਨਹੀਂ ਟੰਗੇ ਜਾਂਦੇ,
ਨਿੰਮ ਤੇ ਛਣਕਣੇਂ,
ਨਾ ਹੀ ਮਨਾਈ ਜਾਂਦੀ ਹੈ,
ਖ਼ੁਸ਼ੀਆਂ ਦੀ ਲੋਹੜੀ,
ਨਾ ਹੀ ਮੰਗੀ ਜਾਂਦੀ ਹੈ, ਧੀ ਦੀ ਦਾਤ,
ਕਿਸੇ ਪੀਰ ਪੈਗੰਬਰ ਕੋਲੋਂ,
ਉਹਦੇ ਜੰਮਣ ਤੋਂ ਲੈ ਕੇ ਜਵਾਨੀ ਤੱਕ,
ਕਿਹਾ ਜਾਂਦਾ ਹੈ ਉਸਨੂੰ, ਹਮੇਸ਼ਾ ਬੇਗਾਨਾਂ ਧੰਨ,
ਤਮਾਮ ਉਮਰ ਲੰਘ ਜਾਂਦੀ ਹੈ ਉਹਦੀ,
ਰਸੋਈ ਵਿਚ ਪਰਿਵਾਰ ਲਈ,
ਪਕਵਾਨ ਬਣਾਉਂਦਿਆਂ,
ਪਰ ਉਹਦੀ ਉਜਰਤ ਦਾ ਮੁੱਲ,
ਨਹੀਂ ਪਾਇਆ ਜਾਂਦਾ,
ਪੁਰਸ਼ ਪ੍ਰਧਾਨ ਸਮਾਜ ਵਿੱਚ,
ਔਰਤ ਦੀ ਮਾਂਹਵਾਰੀ ਚੋਂ ਪੈਦਾ ਹੋਇਆ ਮਨੁੱਖ,
ਉਸੇ ਨੂੰ ਹੀ ਦੱਸਦਾ ਹੈ ਅਪਵਿੱਤਰ,
ਵਰਜ ਦਿੱਤਾ ਜਾਂਦਾ ਹੈ,
ਧਾਰਮਿਕ ਅਦਾਰਿਆਂ ਵਿੱਚ ਜਾਣ ਤੋਂ,
ਕਿਉਂਕਿ ਭ੍ਰਸ਼ਟ ਹੋ ਸਕਦਾ ਹੈ, ਰੱਬ ਦਾ ਘਰ,
ਉਹਦੇ ਪਰਛਾਵੇਂ ਨਾਲ,
ਕੁਲਟਾ-ਕੁਲੱਛਣੀ-ਬਾਂਝ ਆਖ ਕੇ,
ਤ੍ਰਿਸਕਾਰਿਆ ਜਾਂਦਾ ਹੈ,
ਬੱਚਾ ਨਾਂ ਜੰਮਣ ਦੀ ਸੂਰਤ ਵਿਚ,
ਸੌ ਵਾਰ ਸੋਚਣਾ ਪੈਂਦਾ ਹੈ ਓਹਨੂੰ,
ਬਾਜ਼ਾਰ ਜਾਣ ਤੋਂ ਪਹਿਲਾਂ,
ਕਿਧਰੇ ਕੁਝ ਕਾਮੀ ਦਰਿੰਦੇ,
ਉਹਦੀ ਅਸਮਤ ਨੂੰ,
ਤਾਰ-ਤਾਰ ਨਾ ਕਰ ਦੇਣ,
ਬਰਾਬਰਤਾ ਦਾ ਦਰਜ਼ਾ ਦੇਣਾ ਤਾਂ ਦੂਰ,
ਉਹਨੂੰ ਤਾਂ ਮਨੁੱਖ ਹੋਣ ਦਾ,
ਦਰਜਾ ਵੀ ਨਹੀਂ ਮਿਲਦਾ,
ਓਹਦੇ ਪੈਰਾਂ ਵਿੱਚ ਜ਼ੰਜੀਰਾਂ ਨੇ,
ਤੇ ਆਸਮਾਨ ਵਿਚ ਉਡਣ ਤੇ ਪਹਿਰਾ,
ਅਪਣੀ ਹਸਤੀ ਲਈ ਜੱਦੋ ਜਹਿਦ ਕਰਦੀ,
ਜਗਤ ਜਨਨੀ ਨੂੰ ਅੱਜ ਵੀ ਖਤਰਾ ਹੈ,
ਸਮਾਜ ਦੇ ਠੇਕੇਦਾਰ ਤੋਂ..........

## ਪੁੱਤ ਹਾਂ ਗਰੀਬ ਘਰ ਦਾ

ਮੇਰਾ ਮਿਹਨਤਾਂ ਦੇ ਬਾਜੋਂ ਨਹੀਂਓ ਸਰਦਾ,
ਪੁੱਤ ਹਾਂ ਗਰੀਬ ਘਰ ਦਾ,
ਕਦੇ ਮਿਹਨਤਾਂ ਦੇ ਕੋਲੋਂ ਨਹੀਂਓਂ ਡਰਦਾ,
ਪੁੱਤ ਹਾਂ ਗਰੀਬ ਘਰ ਦਾ..........

ਹਰ ਸਾਲ ਕਿਸੇ ਨਾਲ,ਰਲਾਂ ਸੀਰੀ ਪਾਲੀ ਮੈਂ,
ਬਿਗਾਨੇਆਂ ਖੇਤਾਂ ਦੇ ਵਿੱਚ,ਹੱਡ ਜਾਵਾਂ ਗਾਲੀ ਮੈਂ
ਥੋੜੇ ਤੋਂ ਰਖਾਂ ਸਜਨੋਂ ਮੈਂ ਕਾਹਦਾ ਪਰਦਾ,
ਪੁੱਤ ਹਾਂ ਗਰੀਬ ਘਰ ਦਾ......

ਸ਼ਹਿਰ ਦੀਆਂ ਚੌਕਾਂ ਵਿੱਚ ਲਭਦਾ ਦਿਹਾੜੀ ਹਾਂ,
ਬੀਜਦਾ ਹਾਂ ਸਾਉਣੀ ਕਦੇ,ਵੱਡਦਾ ਮੈਂ ਹਾੜੀ ਹਾਂ
ਨਿੱਤ ਜੀਂਵਾ, ਨਿੱਤ ਹੀ ਮੈਂ ਮਰਦਾ,
ਪੁੱਤ ਹਾਂ ਗਰੀਬ ਘਰ ਦਾ............

ਮਿਹਨਤਾਂ ਨੂੰ ਮੇਰੇ ਕੱਦੇ, ਪੈਂਦਾ ਨਹੀਂਓਂ ਬੂਰ ਹੈ,
ਹੋ ਜਾਂਦਾ ਪਿੰਡਾਂ ਭਾਵੇਂ, ਮੇਰਾ ਟੁੱਟ ਚੂਰ ਹੈ
ਕਰਾਂ ਮਿਹਨਤਾਂ ਪਰ ਕਦੇ ਨਹੀਂਓਂ ਹਰਦਾ,
ਪੁੱਤ ਹਾਂ ਗਰੀਬ ਘਰ ਦਾ.......

ਮੁਸ਼ਕਲਾਂ ਨਾਲ ਮਸਾਂ,ਜਵਾਕ ਹਾਂ ਮੈਂ ਪਾਲਦਾ,
ਝੱਲਣਾ ਹੈ ਪੈਂਦਾ ਦੁੱਖ ਹਾੜ ਤੇ ਸਿਆਲ ਦਾ
ਘਰੋਂ ਪੈਰ ਸੋਚ ਸਮਝਕੇ ਹਾਂ ਧਰਦਾ,
ਪੁੱਤ ਹਾਂ ਗਰੀਬ ਘਰ ਦਾ....

ਕਰਜ਼ੇ ਦੀ ਪੰਡ ਮੈਨੂੰ,ਦੇਂਦੀ ਨਹੀਂਓਂ ਜੀਣ ਹੈ,
ਭਾਂਵੇ ਅੱਖਾਂ ਵਿਚ ਸੁਫ਼ਨਾ ਮੈਂ,ਵੇਖਿਆ ਹਸੀਂਨ ਹੈ
ਰਹਿੰਦਾ ਠੰਢੇ ਹਉਕੇ ਬਸ ਹਾਂ ਮੈਂ ਭਰਦਾ,
ਪੁੱਤ ਹਾਂ ਗਰੀਬ ਘਰ ਦਾ.........


ਛੁੱਟੀ ਨਹੀਂਓਂ ਹੁੰਦੀ ਕੋਈ, ਇਦ ਤੇ ਦਿਵਾਲੀ ਦੀ,
ਜੇਹੋ ਜੀ ਰੋਟੀ ਮਿਲੇ ਅਸੀਂ, ਖੁਸ਼ ਹੋ ਕੇ ਖਾ ਲਈ ਦੀ
ਚੰਗਾ-ਚੋਸਾ ਖਾਣ ਨੂੰ, ਮੇਰਾ ਵੀ ਚਿੱਤ ਕਰਦਾ,
ਪੁੱਤ ਹਾਂ ਗਰੀਬ ਘਰ.......

# ਪੱਥਰ/ਰਮਿੰਦਰ ਰੰਮੀ



ਤੈਨੂੰ ਪੱਥਰ ਬਣੇ ਦੇਖਦੀ ਹਾਂ
ਕਲ਼ੇਜੇ ਧੂਹ ਪੈਂਦੀ ਹੈ
ਕੀ ਰਾਜ਼ ਹੈ ਤੇਰੀ ਚੁੱਪੀ ਦਾ
ਤੂੰ ਤੇ ਹਰ ਗੱਲ ਮੇਰੇ ਨਾਲ
ਸਾਂਝੀ ਕਰਦਾ ਸੀ
ਮੈਂ ਵੀ ਤੇਰੇ ਨਾਲ ਗੱਲ ਕਰ
ਆਪਣੇ ਆਪ ਨੂੰ ਹਲਕਾ
ਮਹਿਸੂਸ ਕਰਦੀ ਸੀ
ਚਾਣ -ਚੱਕ ਤੇਰਾ ਪੱਥਰ
ਹੋ ਜਾਣਾ ਮੇਰੀ ਸਮਝ ਤੋਂ ਪਰੇ ਹੈ
ਹਾਂ ਪੱਥਰ ਹੋ ਜਾਣ ਤੋਂ ਪਹਿਲਾਂ
ਤੂੰ ਬਹੁਤ ਗ਼ੁੱਸਾ ਕੀਤਾ ਸੀ
ਬਹੁਤ ਕੁਝ ਕਿਹਾ ਸੀ
ਸੀਨੇ ਤੇ ਪੱਥਰ ਰੱਖ
ਮੈਂ ਤੇਰੇ ਸਾਰੇ ਸ਼ਬਦ ਬਾਣ ਸਹਿ ਗਈ
ਜੋ ਅਜੇ ਵੀ ਮੈਨੂੰ ਅੰਦਰੋਂ ਅੰਦਰੀ
ਛੱਲਣੀ ਛੱਲਣੀ ਕਰ ਰਹੇ ਹਨ
ਫਿਰ ਤੂੰ ਪੱਥਰ ਹੋ ਗਿਉਂ
ਕਿਵੇਂ ਕਰ ਸਕਦਾ ਹੈ
ਸਮਾਂ ਪਾ ਪੱਥਰ ਵੀ ਘਿਸ
ਜਾਂਦੇ ਨੇ

ਭਗਤ ਧੰਨੇ ਨੇ ਪੱਥਰ ਵਿੱਚੋਂ
ਰੱਬ ਨੂੰ ਪਾ ਲਿਆ ਸੀ
ਪਰ ਤੇਰੇ ਤੇ ਕੋਈ ਅਸਰ ਨਹੀਂ
ਤੂੰ ਪੱਥਰ ਦਾ ਪੱਥਰ ਹੀ ਰਿਹਾ
ਪੱਥਰ ਬਣੇ ਕਦੀ ਦੂਸਰੇ ਦੀ
ਮਾਨਸਿਕਤਾ ਦਾ ਸੋਚਿਆ
ਉਸਤੇ ਕਿੰਨਾ ਅਸਰ ਹੋਏਗਾ
ਉਹ ਰੋਜ਼ ਨਵੀਂ ਮੌਤ ਮਰ ਰਿਹਾ ਹੈ
ਖਾਣਾ , ਪੀਣਾ , ਹੱਸਣਾ , ਸੌਣਾ
ਵਿਸਰ ਗਿਆ ਹੈ ਸੱਭ
ਅੱਖਾਂ ਵਿੱਚ ਹਰ ਵੇਲੇ
ਦਰਦ ਭਰੇ ਹੰਝੂ ਤੈਰ ਰਹੇ ਹਨ
ਨੀਂਦ ਦਾ ਨਾਮੋ ਨਿਸ਼ਾਨ ਨਹੀਂ
ਹਰ ਸਾਹ ਤੈਨੂੰ ਯਾਦ ਕਰਦੇ



ਮੈਂ ਤੇ ਤੈਨੂੰ ਕੁਝ ਨਹੀਂ ਕਿਹਾ
ਮੈਂ ਹਰ ਹੀਲੇ ਵਸੀਲੇ ਕਰ ਰਹੀ ਹਾਂ
ਤੂੰ ਆਪਣਾ ਮੋਨ ਤੋੜ ਤੇ
ਮੇਰੇ ਨਾਲ ਇਕ ਵਾਰ
ਗੱਲ ਤੇ ਕਰ ਸਹੀ
ਹਰ ਸਮੱਸਿਆ ਦਾ
ਕੋਈ ਨਾ ਕੋਈ ਹੱਲ ਤੇ ਜ਼ਰੂਰ ਹੁੰਦਾ ਹੈ
ਪਰ ਤੂੰ ਪੱਥਰ ਦਾ ਪੱਥਰ ਹੀ ਰਿਹਾ
ਕਿਸ ਜਨਮ ਦਾ ਬਦਲਾ ਲਿਆ ਤੂੰ
ਕਿਉਂ ਕੀਤਾ ਇਸ ਤਰਾਂ
ਮੈਂ ਤੇ ਪੱਥਰ ਨਹੀਂ
ਅਜੇ ਤੇ ਕੋਸ਼ਿਸ਼ ਵਿੱਚ ਹਾਂ
ਕਿ ਤੂੰ ਮੇਰੇ ਨਾਲ
ਇਕ ਵਾਰ ਗੱਲ ਕਰ
ਕੀ ਤੈਨੂੰ ਖ਼ੁਸ਼ੀ ਮਿਲਦੀ ਹੈ
ਇਸ ਤਰਾਂ ਮੈਨੂੰ ਤੜਪਦਿਆਂ ਦੇਖਕੇ
ਮੈਨੂੰ ਟੁੱਟਿਆ ਬਿਖਰਿਆ ਦੇਖਕੇ
ਠੀਕ ਹੈ ਇਸ ਤਰਾਂ ਹੀ ਸਹੀ
ਮੇਰੀ ਖ਼ੁਸ਼ੀ ਤੇ ਤੇਰੇ ਵਿੱਚ ਹੈ
ਰਾਜ਼ੀ ਹੈਂ ਹਮ ਉਸਮੇਂ
ਜਿਸਮੇਂ ਤੇਰੀ ਰਜ਼ਾ ਹੈ
ਇਕ ਸਵਾਲ ਬਾਰ ਬਾਰ
ਪਰੇਸ਼ਾਨ ਕਰਦਾ ਹੈ ਕਿ
ਕੋਈ ਅਚਾਨਕ ਇਸ ਤਰਾਂ
ਹੌਕੇ ਹੀ ਹੌਕੇ ਨਿਕਲ ਰਹੇ ਨੇ
ਮੇਰੀ ਤੇ ਆਸ ਉਮੀਦ
ਸੱਭ ਤੂੰ ਹੀ ਤੂੰ ਸੀ
ਇਕ ਵਾਰ ਆ ਕੇ ਦੇਖ ਤੇ ਸਹੀ
ਕੋਈ ਇਸ ਕਦਰ ਟੁੱਟ ਗਿਆ ਹੈ
ਬਿਖਰ ਗਿਆ ਹੈ ਤੇਰੇ ਬਿਨ
ਜਾਣਦੀ ਤਾਂ ਮੈਂ ਇਹ ਹਾਂ ਹੀ
ਕਿ ਖ਼ੁਸ਼ ਤੇ ਤੂੰ ਵੀ ਨਹੀਂ
ਪਹਿਲੇ ਵਾਂਗ ਤੂੰ ਵੀ
ਮਹਿਕਦਾ ਟਹਿਕਦਾ ਨਹੀਂ
ਤੂੰ ਹੀ ਕੋਈ ਐਸਾ ਹੀਲਾ ਵਸੀਲਾ ਦੱਸ
ਕਿ ਤੇਰੀ ਚੁੱਪ ਨੂੰ ਤੋੜ ਤੇਰੇ
ਸਾਰੇ ਦਰਦ ਵੰਡਾ ਲਵਾਂ
ਮੈਂ ਤੈਨੂੰ ਪੱਥਰ ਬਣਿਆ ਨਹੀਂ ਦੇਖ ਸਕਦੀ
ਇਹ ਨਾ ਹੋਏ ਕਿਤੇ ਬਹੁਤ ਦੇਰ ਹੋ ਜਾਏ
ਤੂੰ ਇਕ ਦਿਨ ਆਪਣੀ ਚੁੱਪੀ ਤੋੜ
ਪਿਘਲ ਜਾਏ ਪਰ
ਫਿਰ ਮੈਂ ਪੱਥਰ ਹੋ ਜਾਵਾਂ
ਮੇਰੇ ਸੱਭ ਅਹਿਸਾਸ ਖਤਮ ਹੋ ਜਾਣ
ਮੈਂ ਸਦਾ ਸਦਾ ਲਈ ਪੱਥਰ ਬਣ ਜਾਵਾਂ
ਜਿਸਤੇ ਕਿਸੇ ਹਨੇਰੀ ਤੂਫ਼ਾਨ ਦਾ
ਕੋਈ ਅਸਰ ਨਹੀਂ ਹੋਏਗਾ
ਸਦਾ ਲਈ ਫਿਰ ਪੱਥਰ ਹੀ
ਬਣੀ ਰਹਾਂਗੀ
ਪੱਥਰ ॥

## ਚਿੜੀਆਂ ਦਾ ਚੰਬਾ

ਰੋਜ਼ ਚਿੜੀਆਂ ਦਾ ਚੰਬਾ
ਚੀਂ-ਚੀਂ ਦਾ ਰਾਗ ਅਲਾਪਦਾ
ਦਾਦੀ ਦੀ ਖਿਲਾਰੀ ਚੋਗ ਚੁਗਦਾ
ਦੇਖਦਿਆਂ ਹੀ ਦੇਖਦਿਆਂ
ਨਜ਼ਰੋਂ ਓਹਲੇ ਹੁੰਦਾ
ਦੂਰ-ਦੁਰਾਡੇ ਉੱਡ ਜਾਂਦਾ
ਦਾਦੀ ਆਖਦੀ-
ਧੀਆਂ ਤੇ ਚਿੜੀਆਂ
ਤਾਂ ਘਰ ਦੀ ਰੌਣਕ ਵਧਾਉਂਦੀਆਂ
ਕਦੇ-ਕਦਾਈਂ
ਬਾਬਲ ਵਿਹੜੇ ਪੈਰ ਪਾਉਂਦੀਆਂ
ਵਿਹੜਾ ਮਹਿਕਾਉਂਦੀਆਂ
ਰੁੱਖਾ-ਮਿੱਸਾ ਖਿਲਾਰਿਆ ਹੋਇਆ ਖਾਂਦੀਆਂ
ਤੇ ਫੁਰਰ ਕਰਕੇ
ਉੱਡ ਜਾਂਦੀਆਂ
ਤਾਂ ਹੀ ਧੀਆਂ
ਚਿੜੀਆਂ ਦਾ ਚੰਬਾ ਅਖਵਾਉਂਦੀਆਂ
ਹੁਣ ਉਡੀਕਦਾ ਰਹਿੰਦਾ ਵਿਹੜਾ
ਦਾਦੀ ਦਾ ਚਿਹਰਾ ਉਤਰ ਜਾਂਦਾ
ਪਰ ਚਿੜੀਆਂ ਦਾ ਚੰਬਾ
ਵਿਹੜੇ ਨਾ ਉੱਤਰਦਾ
ਜ਼ਹਿਰੀ ਰਸਾਇਣਾਂ ਦਾ ਪਾਲਿਆ ਦਾਣਾ
ਗਿਰਝ ਬਣ ਉੱਡ ਰਿਹੈ
ਉਲਟੀ ਗੰਗਾ ਵਹਿ ਰਹੀ
ਦਾਣਾ ਚਿੜੀਆਂ ਨੂੰ ਖਾ ਰਿਹੈ
ਮਨੁੱਖ ਅੰਦਰਲਾ ਜ਼ਹਿਰ
ਕੁੱਖਾਂ ਨੂੰ ਕਬਰਾਂ ਬਣਾ ਰਿਹੈ
ਸੁੰਨੇ ਵਿਹੜੇ ਦੀ ਭਾਂ-ਭਾਂ
ਚਿੜੀਆਂ ਦੇ ਚੰਬੇ ਨੂੰ ਬੁਲਾ ਰਹੀ
ਪਰ ਚਿੜੀਆਂ ਦਾ ਚੰਬਾ
ਤਾਂ ਅੰਦਰ-ਬਾਹਰ ਫੈਲੇ ਜ਼ਹਿਰ ਤੋਂ ਡਰਦਾ
ਸਦਾ-ਸਦਾ ਲਈ
ਦੂਰ-ਦੁਰਾਡੇ ਉੱਡ ਗਿਐ
ਸਾਡੇ ਵਿਹੜਿਆਂ ਦਾ ਖੇੜਾ ਖੁੱਸ ਗਿਐ
ਕਿਉਂਕਿ ਚਿੜੀਆਂ ਦਾ ਚੰਬਾ
ਸਾਡੇ ਨਾਲ ਰੁੱਸ ਗਿਐ !

—ਸਰਬਜੀਤ ਕੌਰ ਜੱਸ
ਮੋਬਾਈਲ: 95014-85511

## ਰਿਸ਼ਤੇ ਅਤੇ ਦਰਿਆ




ਕੁਝ ਰਿਸ਼ਤੇ ਦਰਿਆ ਦੇ
ਪਾਣੀ ਵਰਗੇ ਹੁੰਦੇ ਨੇ
ਪਾਣੀ ਕਦੇ ਦੁਬਾਰਾ ਨਹੀਂ ਮੁੜਦੇ
ਉਡੀਕ ਨਹੀਂ ਕਰਦੇ
ਬੇਰੋਕ ਆਪਣਾ ਪ੍ਰਵਾਹ
ਜਾਰੀ ਰੱਖਦੇ ਨੇ
ਤੇ ਰਿਸ਼ਤੇ
ਟੁੱਟ ਜਾਂਦੇ ਨੇ
ਕੜੀਆਂ ਵਿੱਚ ਨਹੀਂ ਬੱਝਦੇ
ਗੁਜ਼ਰੇ ਪਾਣੀਆਂ ਦੀ ਛੱਲ
ਕਦੇ ਦੁਬਾਰਾ ਨਹੀਂ ਆਉਂਦੀ
ਪਰ ਟੁੱਟੇ ਰਿਸ਼ਤਿਆਂ ਦੀ ਛੱਲ
ਦੁਬਾਰਾ ਉੱਠਦੀ ਹੈ
ਤੇ ਜਦ ਦਿਲ ਦੀਆਂ
ਦੀਵਾਰਾਂ ਨਾਲ ਟਕਰਾਉਂਦੀ ਹੈ
ਤਾਂ ਅੱਖਾਂ ਦੇ ਹੰਝੂ
ਇਨ੍ਹਾਂ ਟੁੱਟੇ ਰਿਸ਼ਤਿਆਂ ਨੂੰ
ਸ਼ਰਧਾਂਜਲੀ ਅਰਪਿਤ ਕਰਦੇ ਨੇ
ਫਿਰ ਇਨ੍ਹਾਂ ਟੁੱਟੇ-ਮਰੇ ਰਿਸ਼ਤਿਆਂ ਵਿੱਚੋਂ ਹੀ
ਧੜਕਣ ਦੀ
ਆਵਾਜ਼ ਸੁਣਾਈ ਦਿੰਦੀ ਹੈ।

—ਨਵਤੇਜ ਸਿੰਘ ਮੱਲੀ

## ਕਵਿਤਾ

ਨੀਲਿਆਂ ਨਿਲੱਤਣਾਂ ਦੇ
ਤਾਰੂ ਪੰਜੇ ਪੱਤਣਾਂ ਦੇ
ਚੰਡੇ ਹੋਏ ਖੁਰਾਂ ਵਾਲੇ ਨੁੱਕਰੇ
ਚੜ੍ਹਕੇ ਭੁਜੰਗ ਸਿੰਘ
ਗਰਜੇ ਨਿਹੰਗ ਸਿੰਘ
ਵਾਵਾਂ 'ਚ ਜੈਕਾਰੇ ਜਦੋਂ ਉੱਕਰੇ

ਪਿਤਾ ਜੋ ਅਦੀਸ ਦਿਸੇ
ਨੇਜਿਆਂ 'ਤੇ ਸੀਸ ਦਿਸੇ
ਬਾਂਕਿਆ ਦੁਲਾਰਿਆ
ਦਾ ਹੱਠ ਸੀ
ਰੂਹੋਂ ਇੱਕ ਹੂਕ ਸੀ ਤੇ
ਕੱਲਿਆਂ ਦੀ ਸੂਕ ਸੀ
ਤੇ
ਦੇਹ ਕਾਹਦੀ ਅਣਖਾਂ
ਦਾ ਮੱਠ ਸੀ



ਆਗਿਆ ਅਕਾਲ
ਦੀ ਸੀ
ਸਿਰਾਂ ਵਾਲੇ ਭਾਲਦੀ
ਸੀ
ਧਰਤੀ ਸੁਨੱਖੀ ਤੇ
ਫਕੀਰਨੀ
ਜਿਗਰੇ ਵੀ ਵੱਖਰੇ ਸੀ
ਝੋਲੀਆਂ 'ਚ ਡੱਕਰੇ ਸੀ
ਹੁੰਦੀ ਐ ਰਲਾਈ ਜਿਵੇਂ ਸੀਰਨੀ

ਯੋਧਿਆਂ ਦੇ ਸੰਗ ਟੁਰੇ
ਸਜ ਕੇ ਤੁਰੰਗ ਟੁਰੇ
ਨਾਲ ਨਾਲ ਟੁਰਦੀ ਸੀ ਨਾਗਣੀ
ਜਾਬਰਾਂ ਦੀ ਫੌਜ ਲੜੀ
ਖਾਲਸੇ ਦੀ ਮੌਜ ਲੜੀ
ਬਾਜਾਂ ਮੂਹਰੇ ਟਿਕੂ ਕਿੱਥੇ ਕਾਗਣੀ

ਅੰਦਰਾਂ ਦੀ ਅੱਗ ਦਾ ਸੀ
ਵੇਗ ਸਾਰਾ ਪੱਗ ਦਾ ਸੀ
ਖੰਡਿਆਂ 'ਚ ਪਹੁਲ ਪ੍ਰਤੱਖ ਸੀ
ਗੁਰੂ ਵਾਲੀ ਤੱਕਣੀ ਸੀ
ਉਹਨੇ ਲੱਜ ਰੱਖਣੀ ਸੀ
ਮੱਥਿਆਂ 'ਚੋਂ ਖੁੱਲ੍ਹੀ ਜਿਹੜੀ ਅੱਖ ਸੀ।

—ਸ਼ਿਵ ਰਾਜ ਲੁਧਿਆਣਵੀ

Book Review


# A Brief History of the Sikhs By Devinder Singh Mangat



**Gian Singh Sandhu**
Chair, Guru Nanak Institute of Global Studies, and Founding President of the World Sikh Organization of Canada

History books help readers develop critical thinking skills by challenging them to evaluate and analyze different perspectives and interpretations of historical events. This can help readers form their own opinions and beliefs about the past and its relevance to the present.

I recently read "A Brief History of the Sikhs" by Devinder Singh Mangat. As the title suggests, the multidimensional Sikh struggles book is divided into 15 chapters, each exploring a different aspect of Sikh history and the challenges faced by the Sikh nation. The first thing I look for in any book is the endorsements, and finding none was somewhat disappointing. The absence of endorsements can make it challenging to quickly assess the quality and accuracy of a book's research content. However, this can also be an opportunity to read the book more thoroughly and analyze its contents in more detail. This approach can lead to a deeper understanding of the subject matter and help the reader form informed opinions about the book. The next favourite part of mine in a book is the acknowledgments. It speaks volumes about the author's character. I was pleased to read the credit given to three Sikh scholars and a couple of others for their assistance. Let me now take you through the book. Chapter 1 takes you back to the evolution of human life described by Herbert George Wells in his 1920 book 'The Outline of History' and R.D. Banerji's discovery of Harappa and the spread of civilization to the East. The chapter also provides glimpses into the Bhakti (devotional) movement that originated in medieval India around the 12th century and Sufism which emerged in the early centuries of Islam and developed into a distinct tradition during the medieval period. I really like how the author started the second Chapter on Guru Nanak. Rather than usual genealogy, he delves into who ruled Hindustan during Guru's period using the backdrop of Guru Nanak's sabad, "Kal Kati Raje Kasai, Dharam Pankh kar Udiriya [SGGS 143]. Though the chapter is titled Guru Nanak Dev, the 70 pages also highlight the brief history of all successive gurus. Chapter 3 beautifully captures Baba Banda Singh Bahadur's entry into Khalsa Panth and his succession to be the first Sikh ruler and fall in a short period of 8 years. Chapters 4-6 peer into the evolution of misls (independent Sikh confederacies), with particular emphasis on the Shukarchakia confederacy and the rise and fall of the Sikh kingdom. The author backs up all historical events with proper citations from credible sources. Twenty pages of Anglo-Sikh wars in chapter 7 vividly describe a series of conflicts fought between the Sikh Empire and the British in the mid-19th century. The author starts the chapter with a negative quote about Maharani Jind Kaur by Henry Thoby Prinsep from his book "History of Punjab and the Rise, Progress and Present conditions of the Sect and the Nation of Sikhs (2018), which I consider biased and demeaning for a female ruler and would have avoided. As you dig deeper into the chapter, you learn who, why, when, and where the conflict plans were hatched and nurtured, and the Battle of Mudki on December 18, 1845, and the Battle of Ferozeshahr on December 21-22,1845 are very well described and documented. Chapter 8 briefly identifies the causes of the 1857 mutiny, and chapter 9 highlights British policies of building infrastructure and economic development and how it helped to bring desert land under cultivation. Chapter 10, while titled The Sikh Resurgence, is the crux of this book 100 plus pages aptly describe Singh Sabha Movement. It is based on the author's 1972 thesis for his Master of Arts (Religious Studies) degree from Punjabi University Patiala. Chapter 11 summarizes the impact of the Singh Sabha and the Gurdwara Reform movements. Chapter 12 traces the history of Punjabi Sikh journalism and how the cliché "Pen is mightier than the sword" proved to be effective weapon to fight injustice and excesses against the community. Chapter 13 traces the history of the Ghadar movement and the Sikh participation and how an effective plan emerged in North America and played a significant role in ending British Raj in India. Chapter 14 scratches the surface of World wars and the role of Sikhs. The final chapter 15 of the book is devoted to the constitutional reforms, and I like author's honesty in describing the Punjabi psyche "The Punjabis in general have been slow to adapt to the political self-government reforms made available to the Indians by the British." He refers to the Indian Council[s] Act1861, that provided for the formation of the provincial legislatures, and how it took 37 years for Punjabis to act on it.






What makes this book unique is that each chapter is essentially a standalone essay that can be read independently. Yet, they all come together to form a cohesive narrative of Sikh history. The author has done an excellent job of weaving together historical details and anecdotes to create a compelling and engaging read.

One of the things I particularly enjoyed about this book is the author's in-depth analysis and the use of credible references from well-respected historians. Another aspect of this book I appreciated is the author's willingness to explore different aspects of Sikh history. The chapters cover a wide range of topics. This approach ensures that the book never becomes dull or repetitive, as each chapter brings something new to the table. Moreover, history books can serve as a source of inspiration and motivation by highlighting the struggles and triumphs of past generations. They can help readers appreciate the progress that has been made over time and inspire them to work towards a better future.

Overall, I highly recommend "A Brief History of the Sikhs," published by SLM Publishers, Patiala, Punjab, to anyone interested in Sikh history. The book contains fascinating historical details and anecdotes, and the author's writing style is informative and engaging. It highlights the struggles and triumphs of past generations. Whether you're a history buff or just looking for an exciting read, this book is definitely worth checking out.







# ਅੱਖਾਂ ’ਤੇ ਪੱਟੀ ਬੰਨ੍ਹ ਕੇ ਸੌਣ ਨਾਲ ਵਧਦੀ ਹੈ ਦਿਮਾਗ ਦੀ ਕਾਰਜ ਸਮਰੱਥਾ



ਲੋੜੀਂਦੀ ਨੀਂਦ ਸਾਡੀ ਸਿਹਤ ਲਈ ਬੇਹੱਦ ਜ਼ਰੂਰੀ ਹੈ। ਇਹ ਇਕ ਨਵੀਂ ਖੋਜ ਵਿਚ ਦੱਸਿਆ ਗਿਆ ਹੈ ਕਿ ਅੱਖਾਂ ’ਤੇ ਪੱਟੀ ਬੰਨ੍ਹ ਕੇ ਸੌਣ ਨਾਲ ਦਿਮਾਗ ਦੀ ਕਾਰਜ ਸਮਰੱਥਾ ਵੱਧ ਜਾਂਦੀ ਹੈ ਕਿਉਂਕਿ ਇਸ ਨਾਲ ਖਿੜਕੀ ਆਦਿ ਦੇ ਜ਼ਰੀਏ ਅੱਖਾਂ ’ਤੇ ਪੈਣ ਵਾਲੀ ਰੌਸ਼ਨੀ ਨੂੰ ਰੋਕਣ ਵਿਚ ਮਦਦ ਮਿਲਦੀ ਹੈ। ਇਸ ਨਾਲ ਸਾਡੀ ਨੀਂਦ ਵਿਚ ਖਲਲ ਨਹੀਂ ਪੈਂਦਾ। ਰਾਤ ਨੂੰ ਭਰਪੂਰ ਨੀਂਦ ਨਾਲ ਸਾਡਾ ਦਿਮਾਗ ਤੇਜ਼ ਹੁੰਦਾ ਹੈ ਅਤੇ ਉਹ ਸੂਚਨਾਵਾਂ ਨੂੰ ਤੇਜ਼ੀ ਨਾਲ ਗ੍ਰਹਿ ਕਰਦਾ ਹੈ।ਸਲੀਪ ਜਰਨਲ ‘ਚ ਪ੍ਰਕਾਸ਼ਿਤ ਅਧਿਐਨ ਵਿਚ ਕਿਹਾ ਗਿਆ ਹੈ ਕਿ ‘ਆਈ ਮਾਸਕ’ ਅੱਖਾਂ ’ਤੇ ਪੱਟੀ ਬੰਨ੍ਹ ਕੇ ਸੌਣ ਨਾਲ ਸਾਡੀ ਯਾਦਦਾਸ਼ਤ ਅਤੇ ਚੌਕਸੀ ਵਧਦੀ ਹੈ। ਕਾਰਡਿਫ ਯੂਨੀਵਰਸਿਟੀ ਦੇ ਸਕੂਲ ਆਫ ਸਾਈਕੋਲਾਜੀ ਨਾਲ ਸਬੰਧਤ ਖੋਜ ਦੀ ਲੇਖਕ ਵਿਵਾਨਾ ਗ੍ਰੇਕੋ ਨੇ ਦੱਸਿਆ ਕਿ ‘ਆਈ ਮਾਸਕ’ ਕਿਵੇਂ ਸਾਡੀ ਮਦਦ ਕਰਦੇ ਹਨ, ਇਸ ਨੂੰ ਸਮਝਣ ਲਈ ਟੀਮ ਨੇ ਦੋ ਤਰ੍ਹਾਂ ਦੇ ਪ੍ਰਯੋਗ ਕੀਤੇ। ਪਹਿਲੇ ਪ੍ਰਯੋਗ ਵਿਚ 18 ਤੋਂ 35 ਸਾਲ ਦੀ ਉਮਰ ਦੇ ਅਜਿਹੇ 94 ਲੋਕਾਂ ਨੂੰ ਸ਼ਾਮਲ ਕੀਤਾ ਜਿਨ੍ਹਾਂ ਨੇ ਰਾਤ ਨੂੰ ਸੌਂਦੇ ਸਮੇਂ ‘ਆਈ ਮਾਸਕ’ ਪਾਇਆ ਅਤੇ ਦੂਸਰਾ ਪ੍ਰਯੋਗ ਇਸੇ ਉਮਰ ਵਰਗ ਦੇ ਅਜਿਹੇ 35 ਲੋਕਾਂ ‘ਤੇ ਕੀਤਾ ਗਿਆ ਜਿਨ੍ਹਾਂ ਨੇ ‘ਆਈ ਮਾਸਕ’ ਦਾ ਪ੍ਰਯੋਗ ਨਹੀਂ ਕੀਤਾ। ਖੋਜਕਰਤਾਵਾਂ ਦੀ ਟੀਮ ਨੇ ਦੋਵਾਂ ਸਮੂਹਾਂ ਦੀ ਇਕ ਹਫਤੇ ਤਕ ਨਿਗਰਾਨੀ ਕੀਤੀ। ਸਿੱਟੇ ‘ਚ ‘ਆਈ ਮਾਸਕ’ ਦੀ ਵਰਤੋਂ ਕਰਨ ਵਾਲੇ ਸਮੂਹ ਦਾ ਬੌਧਿਕ ਪੱਧਰ ‘ਆਈ ਮਾਸਕ’ ਦੀ ਵਰਤੋਂ ਨਾ ਕਰਨ ਵਾਲੇ ਸਮੂਹ ਦੀ ਤੁਲਨਾ ਵਿਚ ਵਧਿਆ ਹੋਇਆ ਪਾਇਆ ਗਿਆ। ਇਸ ਲਈ ਖੋਜਕਰਤਾ ਸੌਂਦੇ ਸਮੇਂ ਸ਼ਾਂਤ ਅਤੇ ਰੋਸ਼ਨੀ ਨਾ ਪਹੁੰਚਣ ਵਾਲੀ ਜਗ੍ਹਾ ਨੂੰ ਦਿਮਾਗ ਦੀ ਕਾਰਜ ਸਮਰੱਥਾ ਵਧਾਉਣ ਲਈ ਬਿਹਤਰ ਮੰਨਦੇ ਹਨ।










# ਮਿਆਰੀ ਸਿਨੇਮਾ ਦਾ ਸਰਤਾਜ

**ਸੁਰਜੀਤ ਜੱਸਲ**

ਸਮੁੱਚੇ ਸੰਗੀਤ ਜਗਤ ਵਿੱਚ ਸੂਫ਼ੀਆਨਾ ਗਾਇਕੀ ਸਦਕਾ



ਇੱਕ ਵੱਖਰਾ ਸਰੋਤਾ ਵਰਗ ਪੈਦਾ ਕਰਨ ਵਾਲਾ ਸਤਿੰਦਰ ਸਰਤਾਜ ਅੱਜਕੱਲ੍ਹ ਸਿਨਮਾ ਜਗਤ ਵੱਲ ਆਇਆ ਹੈ। ਪਿਛਲੇ ਦਿਨੀਂ ਉਸ ਦੀ ਤੀਸਰੀ ਫਿਲਮ 'ਕਲੀ ਜੋਟਾ' ਸਿਨਮਾ ਘਰਾਂ ਦਾ ਸ਼ਿੰਗਾਰ ਬਣੀ ਹੈ। ਇਸ ਨੂੰ ਦਰਸ਼ਕਾਂ ਦਾ ਭਰਪੂਰ ਪਿਆਰ ਮਿਲਆ ਹੈ। ਸਤਿੰਦਰ ਸਰਤਾਜ ਦੀਆਂ ਫਿਲਮ ਕਲਾ ਸਰਗਰਮੀਆਂ ਨੂੰ ਵੇਖਦਿਆਂ ਕਹਿ ਸਕਦੇ ਹਾਂ ਉਹ ਆਪਣੀ ਗਾਇਕੀ ਵਾਂਗ ਫਿਲਮਾਂ ਪ੍ਰਤੀ ਵੀ ਵੱਖਰੀ ਸੋਚ ਲੈ ਕੇ ਤੁਰਿਆ ਹੈ। ਮਨੋਰੰਜਨ ਦੇ ਨਾਲ ਨਾਲ ਸਮਾਜ ਨੂੰ ਚੰਗਾ ਸੁਨੇਹਾ ਦੇਣਾ ਉਸ ਦਾ ਅਹਿਮ ਮਕਸਦ ਹੈ। ਭਾਵੇਂ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਅੱਜ ਦੇ ਦੌਰ ਵਿੱਚ ਅਜਿਹੀਆਂ ਫਿਲਮਾਂ ਵਪਾਰਕ ਨਜ਼ਰੀਏ ਤੋਂ ਊਣੀਆਂ ਰਹਿ ਜਾਂਦੀਆਂ ਹਨ, ਪਰ ਸਮਾਜ ਨਾਲ ਜੁੜੇ ਲੋਕ ਮੁੱਦਿਆਂ ਦੀ ਗੱਲ ਕਰਨਾ ਅੱਜ ਸਿਨਮਾ ਦੀ ਅਹਿਮ ਲੋੜ ਹੈ। ਸਤਿੰਦਰ ਬੜੀ ਸਹਿਜਤਾ ਵਾਲਾ ਕਲਾਕਾਰ ਹੈ। ਉਹ ਜੁੱਤੀਆਂ ਲਾਹ ਕੇ ਨਹੀਂ ਭੱਜਦਾ ਬਲਕਿ ਬੜੀ ਗੰਭੀਰ ਸੋਚ ਅਤੇ ਸੱਚੀ ਲਗਨ ਨਾਲ ਕਦਮ ਪੁੱਟਣ ਵਾਲਾ ਬੰਦਾ ਹੈ। ਉਸ ਨੇ ਹੌਲੀਵੁੱਡ ਦੀ ਫਿਲਮ 'ਦਿ ਬਲੈਕ ਪ੍ਰਿੰਸ' ਨਾਲ ਫਿਲਮ ਜਗਤ ਵੱਲ ਕਦਮ ਵਧਾਇਆ। ਮਹਾਰਾਜਾ ਰਣਜੀਤ ਸਿੰਘ ਦੇ ਬੇਟੇ ਮਹਾਰਾਜਾ ਦਲੀਪ ਸਿੰਘ ਦੀ ਅਸਲ ਜ਼ਿੰਦਗੀ 'ਤੇ ਆਧਾਰਿਤ ਇਸ ਫਿਲਮ ਵਿੱਚ ਉਸ ਨੇ ਮਹਾਰਾਜਾ ਦਲੀਪ ਸਿੰਘ ਦਾ ਕਿਰਦਾਰ ਨਿਭਾਇਆ। ਬੌਲੀਵੁੱਡ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਇਸ ਵਿੱਚ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦਾ ਦੀ ਭੂਮਿਕਾ ਨਿਭਾਈ ਸੀ।

ਭਾਵੇਂ ਇਸ ਪਹਿਲੀ ਫਿਲਮ ਨੂੰ ਪੰਜਾਬੀ ਦਰਸ਼ਕਾਂ ਨੇ ਕੋਈ ਵੱਡਾ ਹੁੰਗਾਰਾ ਨਾ ਦਿੱਤਾ, ਪਰ ਸਰਤਾਜ ਦੀ ਅਦਾਕਾਰੀ, ਫਿਲਮ ਦੀ ਤਕਨੀਕ ਅਤੇ ਕੁਆਲਿਟੀ ਦੀ ਪਾਰਖੂ ਲੋਕਾਂ ਨੇ ਖ਼ੂਬ ਸ਼ਲਾਘਾ ਕੀਤੀ। 2017 ਵਿੱਚ ਆਈ ਇਹ ਪਹਿਲੀ ਫਿਲਮ ਅੰਗਰੇਜ਼ੀ, ਪੰਜਾਬੀ ਤੇ ਹੋਰ ਖੇਤਰੀ ਭਾਸ਼ਾਵਾਂ ਵਿੱਚ ਵੀ ਡੱਬ ਹੋਈ। 2020 ਵਿੱਚ ਸਤਿੰਦਰ ਸਰਤਾਜ ਆਪਣੀ ਦੂਸਰੀ ਫਿਲਮ 'ਇੱਕੋ ਮਿੱਕੇ' ਲੈ ਕੇ ਆਇਆ। ਭਾਵੇਂ ਇਹ ਕਰੋਨਾ ਮਹਾਮਾਰੀ ਦੀ ਲਪੇਟ ਵਿੱਚ ਆ ਗਈ ਸੀ, ਪਰ ਫਿਰ ਵੀ ਦਰਸ਼ਕਾਂ ਨੇ ਇਸ ਨੂੰ ਪਿਆਰ ਦਿੱਤਾ। ਹੁਣ ਸਰਤਾਜ ਦੀ ਤੀਜੀ ਫਿਲਮ ਵੀ ਤਿੰਨ ਸਾਲ ਦੇ ਵਕਫ਼ੇ ਮਗਰੋਂ ਰਿਲੀਜ਼ ਹੋਈ ਹੈ। ਇਸ ਫਿਲਮ ਦੇ ਗੀਤ ਤਾਂ ਪਹਿਲਾਂ ਹੀ ਹਿੱਟ ਹੋ ਚੁੱਕੇ ਹਨ ਜਦੋਂਕਿ ਹੁਣ ਵਿਸ਼ੇ ਅਤੇ ਅਦਾਕਾਰੀ ਪੱਖੋਂ ਵੀ 'ਕਲੀ ਜੋਟਾ' ਫਿਲਮ ਨੂੰ ਪਸੰਦ ਕੀਤਾ ਜਾ ਰਿਹਾ ਹੈ। ਇਹ ਫਿਲਮ ਇੱਕ ਔਰਤ ਦੀ ਲੇਖਣੀ ਦੀ ਸੋਚ 'ਤੇ ਆਧਾਰਿਤ ਹੈ। ਪੰਜਾਬੀ ਸਾਹਿਤ ਵਿੱਚ ਅਜਿਹੀਆਂ ਬਹੁਤ ਕਹਾਣੀਆਂ ਹਨ ਜੋ ਪੰਜਾਬੀ ਸਿਨਮਿਆਂ ਦਾ ਹਿੱਸਾ ਬਣਨ ਯੋਗ ਹਨ। 'ਕਲੀ ਜੋਟਾ' ਦੀ ਗੱਲ ਕਰੀਏ ਤਾਂ ਇਹ ਔਰਤ ਦੀ ਆਜ਼ਾਦੀ ਅਤੇ ਹੱਕਾਂ ਨੂੰ ਦਬਾਉਣ ਦੇ ਯਤਨ ਸਦਕਾ ਹੋਏ ਸ਼ੋਸ਼ਣ ਦੀ ਸੱਚੀ ਦਾਸਤਾਨ ਹੈ। ਇਸ ਫਿਲਮ ਦੀ ਨਾਇਕਾ ਰਾਬੀਆ ਹੈ ਜਿਸ ਦਾ ਕਿਰਦਾਰ ਨੀਰੂ ਬਾਜਵਾ ਨੇ ਬੜੀ ਗੰਭੀਰਤਾ ਨਾਲ ਨਿਭਾਇਆ ਹੈ। ਇਹ ਨੀਰੂ ਬਾਜਵਾ ਦੀਆਂ ਹੁਣ ਤੱਕ ਆਈਆਂ ਫਿਲਮਾਂ ਤੋਂ ਬਹੁਤ ਹਟਕੇ ਅਤੇ ਚੁਣੌਤੀ ਭਰਿਆ ਕਿਰਦਾਰ ਹੈ। ਚੁਲਬੁਲੇ ਸੁਭਾਅ ਵਾਲੀ 'ਰਾਬੀਆ' ਆਪਣੀ ਜ਼ਿੰਦਗੀ ਮਰਜ਼ੀ ਨਾਲ ਜਿਊਣ ਦੀ ਇਛੁੱਕ ਹੈ। ਉਸ ਦੇ ਸੁਪਨੇ ਵੱਡੇ ਹਨ, ਉਸ ਕੋਲ ਹੌਸਲਾ ਹੈ, ਲਗਨ ਹੈ, ਇੱਕ ਜਨੂੰਨ ਹੈ। ਦੀਦਾਰ (ਸਤਿੰਦਰ ਸਰਤਾਜ) ਉਸ ਦਾ ਪਹਿਲਾ ਤੇ ਆਖਰੀ ਪਿਆਰ ਹੈ। ਲੇਖਿਕਾ ਹਰਿੰਦਰ ਕੌਰ ਨੇ ਆਪਣੀ ਇਸ ਕਹਾਣੀ ਵਿੱਚ ਔਰਤ ਦੀ ਆਜ਼ਾਦੀ ਅਤੇ ਸਮਾਜ ਦੇ ਚਿਹਰਿਆਂ ਨੂੰ ਪਰਦੇ 'ਤੇ ਉਤਾਰਨ ਦਾ ਯਤਨ ਕਰਦਿਆਂ ਔਰਤ ਦੇ ਹੱਕ ਸੱਚ ਦੀ ਗੱਲ ਕੀਤੀ ਹੈ। ਫਿਲਮ ਦਾ ਨਿਰਦੇਸ਼ਨ ਵਿਜੇ ਕੁਮਾਰ ਅਰੋੜਾ ਨੇ ਕੀਤਾ ਹੈ। ਭਾਵੇਂ ਇਹ ਔਰਤ ਪ੍ਰਧਾਨ ਫਿਲਮ ਹੈ, ਪਰ ਸਤਿੰਦਰ ਸਰਤਾਜ ਦੀ ਅਦਾਕਾਰੀ ਅਤੇ ਗੀਤਾਂ ਨੇ ਦਰਸ਼ਕਾਂ ਦਾ ਰੱਜਵਾਂ ਪਿਆਰ ਲਿਆ ਹੈ। ਇਸ ਫਿਲਮ ਦਾ ਗੀਤ 'ਕਿਤੇ ਨੀਂ ਤੇਰਾ ਰੁਤਬਾ ਘਟਦਾ...' ਅੱਜ ਹਰ ਇੱਕ ਦੀ ਜ਼ੁਬਾਨ 'ਤੇ ਹੈ। ਚਿਰਾਂ ਬਾਅਦ ਕੋਈ ਅਜਿਹੀ ਫਿਲਮ ਆਈ ਹੈ ਜਿਸ ਦੇ ਸੰਗੀਤ ਹਿੱਸੇ ਐਨੀ ਮਕਬੂਲੀਅਤ ਆਈ ਹੋਵੇ। ਸਤਿੰਦਰ ਦੇ ਗਾਇਕੀ ਪਿਛੋਕੜ ਦੀ ਗੱਲ ਕਰੀਏ ਤਾਂ ਉਸ ਨੇ 'ਪਾਣੀ ਪੰਜਾਂ ਦਰਿਆਵਾਂ ਵਾਲਾ ਜ਼ਹਿਰੀ ਹੋ ਗਿਆ' ਦਾ ਹੋਕਾ ਦੇ ਕੇ ਸਰੋਤਿਆਂ ਦੀ ਸੋਚ ਬਦਲਣ ਦਾ ਯਤਨ ਕੀਤਾ। ਫਿਰ 'ਅੱਧੀ ਕਿੱਕ 'ਤੇ ਸਟਾਰਟ ਮੇਰਾ ਯਾਮਹਾ..' ਵਰਗੇ ਗੀਤਾਂ ਨਾਲ ਉਸ ਨੇ ਨੌਜਵਾਨ ਵਰਗ ਨੂੰ ਆਪਣੇ ਕਲਾਵੇ 'ਚ ਲਿਆ। ਉਸ ਦੇ ਗੀਤ 'ਨਿੱਕੀ ਜਿਹੀ ਕੁੜੀ...' ਵਿੱਚੋਂ ਅੱਜ ਵੀ ਗਰੀਬ ਬਾਲੜੀ ਦੀ ਮਾਸੂਮੀਅਤ ਝਲਕਦੀ ਹੈ। ਸਰਤਾਜ ਵੱਲੋਂ ਆਪਣੀ ਗਾਇਕੀ ਦੇ ਹੁਣ ਤੱਕ ਦੇ ਸਫ਼ਰ ਦੌਰਾਨ ਅਨੇਕਾਂ ਹੀ ਮੀਲ-ਪੱਥਰ ਗੱਡੇ ਜਾ ਚੁੱਕੇ ਹਨ। ਇੱਕ ਤੋਂ ਬਾਅਦ ਇੱਕ ਐਲਬਮ 'ਇਬਾਦਤ', 'ਚੀਰੇ ਵਾਲਾ ਸਰਤਾਜ', 'ਅਫ਼ਸਾਨੇ ਸਰਤਾਜ ਦੇ', 'ਰੰਗਰੇਜ਼', 'ਹਮਜ਼ਾ' ਅਤੇ ਸਿੰਗਲ ਟਰੈਕ ਗੀਤ 'ਸਰਦਾਰ' ਆਦਿ ਸਦਕਾ ਨਿਰੰਤਰ ਹੀ ਸਫਲਤਾ ਦਾ ਪਾਂਧੀ ਬਣਿਆ ਹੋਇਆ ਹੈ। ਸਰਤਾਜ ਦੀ ਸੂਫ਼ੀਆਨਾ ਮਹਿਫ਼ਲ ਜਿੱਥੇ ਇੰਗਲੈਂਡ ਦੇ 'ਰਾਇਲ ਐਲਬਰਟ ਹਾਲ' ਦੀ ਸ਼ਾਨ ਬਣੀ ਹੈ, ਉੱਥੇ ਹੀ ਉਸ ਦੇ ਗੀਤਾਂ ਨੂੰ 'ਬ੍ਰਿਟਿਸ਼ ਬਰੌਡਕਾਸਟ ਕਾਰਪੋਰੇਸ਼ਨ' (ਬੀ.ਬੀ.ਸੀ.) 'ਤੇ ਵੀ ਵੱਜਦੇ ਦੇਖਿਆ ਜਾ ਸਕਦਾ ਹੈ ਜੋ ਕਿ ਪੰਜਾਬ ਅਤੇ ਸਮੂਹ ਪੰਜਾਬੀਆਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਜੰਮਪਲ ਸਤਿੰਦਰ ਸਰਤਾਜ ਨੇ ਸੰਗੀਤ ਦੀ ਉੱਚ ਪੜ੍ਹਾਈ ਕਰਦਿਆਂ ਕਈ ਖ਼ਿਤਾਬ ਹਾਸਲ ਕੀਤੇ ਹਨ। ਆਪਣੇ ਗੀਤਾਂ ਵਾਂਗ ਬੇਹੱਦ ਮਿਲਾਪੜੇ ਸੁਭਾਅ ਦੇ ਮਾਲਕ ਸਤਿੰਦਰ ਸਰਤਾਜ ਤੋਂ ਪੰਜਾਬੀ ਸੰਗੀਤ ਅਤੇ ਫਿਲਮ ਜਗਤ ਨੂੰ ਬਹੁਤ ਉਮੀਦਾਂ ਹਨ।

**ਸਤਿੰਦਰ ਦੇ ਗਾਇਕੀ ਪਿਛੋਕੜ ਦੀ ਗੱਲ ਕਰੀਏ ਤਾਂ ਉਸ ਨੇ 'ਪਾਣੀ ਪੰਜਾਂ ਦਰਿਆਵਾਂ ਵਾਲਾ ਜ਼ਹਿਰੀ ਹੋ ਗਿਆ' ਦਾ ਹੋਕਾ ਦੇ ਕੇ ਸਰੋਤਿਆਂ ਦੀ ਸੋਚ ਬਦਲਣ ਦਾ ਯਤਨ ਕੀਤਾ। ਫਿਰ 'ਅੱਧੀ ਕਿੱਕ 'ਤੇ ਸਟਾਰਟ ਮੇਰਾ ਯਾਮਹਾ..' ਵਰਗੇ ਗੀਤਾਂ ਨਾਲ ਉਸ ਨੇ ਨੌਜਵਾਨ ਵਰਗ ਨੂੰ ਆਪਣੇ ਕਲਾਵੇ 'ਚ ਲਿਆ। ਉਸ ਦੇ ਗੀਤ 'ਨਿੱਕੀ ਜਿਹੀ ਕੁੜੀ...' ਵਿੱਚੋਂ ਅੱਜ ਵੀ ਗਰੀਬ ਬਾਲੜੀ ਦੀ ਮਾਸੂਮੀਅਤ ਝਲਕਦੀ ਹੈ। ਸਰਤਾਜ ਵੱਲੋਂ ਆਪਣੀ ਗਾਇਕੀ ਦੇ ਹੁਣ ਤੱਕ ਦੇ ਸਫ਼ਰ ਦੌਰਾਨ ਅਨੇਕਾਂ ਹੀ ਮੀਲ-ਪੱਥਰ ਗੱਡੇ ਜਾ ਚੁੱਕੇ ਹਨ। ਇੱਕ ਤੋਂ ਬਾਅਦ ਇੱਕ ਐਲਬਮ 'ਇਬਾਦਤ', 'ਚੀਰੇ ਵਾਲਾ ਸਰਤਾਜ', 'ਅਫ਼ਸਾਨੇ ਸਰਤਾਜ ਦੇ', 'ਰੰਗਰੇਜ਼', 'ਹਮਜ਼ਾ' ਅਤੇ ਸਿੰਗਲ ਟਰੈਕ ਗੀਤ 'ਸਰਦਾਰ' ਆਦਿ ਸਦਕਾ ਨਿਰੰਤਰ ਹੀ ਸਫਲਤਾ ਦਾ ਪਾਂਧੀ ਬਣਿਆ ਹੋਇਆ ਹੈ। ਸਰਤਾਜ ਦੀ ਸੂਫ਼ੀਆਨਾ ਮਹਿਫ਼ਲ ਜਿੱਥੇ ਇੰਗਲੈਂਡ ਦੇ 'ਰਾਇਲ ਐਲਬਰਟ ਹਾਲ' ਦੀ ਸ਼ਾਨ ਬਣੀ ਹੈ, ਉੱਥੇ ਹੀ ਉਸ ਦੇ ਗੀਤਾਂ ਨੂੰ 'ਬ੍ਰਿਟਿਸ਼ ਬਰੌਡਕਾਸਟ ਕਾਰਪੋਰੇਸ਼ਨ' (ਬੀ.ਬੀ.ਸੀ.) 'ਤੇ ਵੀ ਵੱਜਦੇ ਦੇਖਿਆ ਜਾ ਸਕਦਾ ਹੈ ਜੋ ਕਿ ਪੰਜਾਬ ਅਤੇ ਸਮੂਹ ਪੰਜਾਬੀਆਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।**





Edmonton's Top Caterer

# Zaika INDIAN BISTRO

The Art of Taste

Dine in and Take out.

Lunch and Dinner buffet.







- Best Service
- Fresh, Quality Food
- Competitive Pricing
- Beautiful Presentation

- Birthdays
- Wedding Events
- Anniversaries
- Baby Showers
- Home Catering

Call Garry at

**780-504-9448**

MENU @www.ZAIKABISTRO.COM

We Specialize in Mandir and Gurdwara Catering

2303 ELLWOOD DRIVE ELLERSLIE CROSSROADS, EDMONTON AB



# ALL INDIA RESTAURANT & SWEETS

Enjoy Buffet 7 Days

- Samosa
- Butter Chicken
- Chicken Wings
- Tandoori Fish Pakora
- Naan Bread





We also cater for small & Large Parties

ਵਧੀਆ ਖਾਣੇ ਅਤੇ ਵਧੀਆ ਮਠਿਆਈਆਂ ਲਈ ਹਮੇਸ਼ਾ ਯਾਦ ਰੱਖੋ।

Tel: 780-463-7770 | 4249-23 Ave NW, Edmonton, Alberta

SERVING FOR OVER 27 YEARS

# PIZZA 99

ਸਾਡੇ ਨਵੇਂ ਤਿਆਰ ਕੀਤੇ ਪੀਜ਼ੇ
ਪਨੀਰ ਪੀਜ਼ਾ
ਤੰਦੂਰੀ ਚਿਕਨ ਪੀਜ਼ਾ
Spinach Pizza

Call For debit at the door VISA MasterCard

ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ

Buy and Pizza at regular Price & get Second Pizza of equal or less value Free or Chicken wings Free and 3rd Pizza Half Price.


ਪਰਮਜੀਤ ਸਿੰਘ ਬਾਠ

Contact Us Call (780) 450-9900 # 1543 Millwoods Road East, Edmonton AB.

Maple DENTAL CLINIC

We deal with all kinds of insurances.

- Check Ups and Cleanings
- Fillings
- Root Canal Therapy
- TMJ
- Sports and Night Gaurds
- Teeth Straightening Braces - Invisalign
- Crowns and Bridges
- Partial and Full Dentures
- Wisdom Teeth Extractions
- Teeth Whitening
- Implants

We are open 7days a week including evenings and weekends

Evening & Weekend Appointments Available!

ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸੱਮਸਿਆ ਲਈ ਸਾਨੂੰ ਕਾਲ ਕਰੋ।



ਅਸੀਂ ਤੁਹਾਡਾ ਬਿੱਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।

We can directly bill insurances!

New Patients, Emergencies & Walk-Ins Welcome!



Dr. Sandeep Dhaliwal 780.440.5001 Dr. Amritpal Singh

3323 34 ST NW #203, Edmonton AB

www.mapledentalclinic.ca E: mapledent@shaw.ca

Fastest Growind Company in the Region.


We are located at 4120-98 street and are open between 9:00 am to 5:30 pm, Monday to Saturday.



TOUCHTONE Canada Ltd.

Specialised in-







- Carpet
- Hardwood
- Laminate
- Engeering Hardwood
- Linoleum

CONTACT US:

Tel: 780-414-0862 Fax:780-4637870

4120 98 Street Edmonton, AB, T6E 5A2

email-information@touctonecanada.com/Website-www.touctonecanada.com

Now Open in Edmonton

2 For 1 PIZZA HOUSE

2 FOR 1 PIZZA HOUSE HOUSE OF TASTE & QUALITY

2 LRG PIZZA
3 CANS OF PoP
3 DIPPING SAUCES
$30.49

1 LRG PIZZA
3 TOPPINGS
12 CHICKEN WINGS
$25.99

Gluten Free Pizza Available Now

GREAT FOOD,GREAT PRICE, GREAT QUALITY

Pizza, Pasta, Indian Cuisine & Much More

We Deliver

Super Combo Specials
Please order by number

1 Pizza & Pasta
1 Lrg Pizza 2 Toppings +1 Lasagna + 2 pcs Garlic Bread (Beef or Veggie)
FREE 1 CAN OF POP & 1 DIPPING SAUCE
$24.99

2 Double Deal
2 Large Double Pepperoni Pizzas or 2 Large Hawaiian
$24.45

3 Triple Deal
2 Large Specialty Pizzas & 1 Large Cheese Pizza
$39.99

4 Pizza & Wings Deal
1 Lrg Pizza 3 Toppings + 12 Chicken Wings
FREE 1 CAN OF POP & 1 DIPPING SAUCE
$25.99

5 Mega Dinner
2 Lrg Specialty Pizzas
20 - Tasty Chicken Wings
FREE 3 DIPPING SAUCE
$45.99

6 Pizza Party
Order any 3 Large Specialty Pizzas of your choice & Get Cheesy Bread Sticks FREE
$47.65

Dipping sauce not included unless Indicated, Pizza Sauce and Cheese Included.

7 Days Managers Special

Order any 2 Large Specialty Pizzas for the price of 2 Medium Pizzas + 3 Cans of Pop or 3 Dipping Sauce

$30.49 +GST

* Limit 1 Per Customer

Side Orders Not 2 For 1

| | |
|---|---|
| French Fries | $4.75 |
| Potato Wedges | $8.10 |
| Garlic Bread 2 Pcs | $1.90 |
| Cheesy Bread Sticks | $8.10 |
| 6 pcs Mozza Sticks & Marinara Sauce | $5.95 |
| Veggie Dip (Eggless) | |
| Dipping Sauce Available | |

2 For 1 Specialty Pizzas

| 10" Small | 12" Medium | 14" Large |
|---|---|---|
| $24.75 | $30.49 | $34.29 |

#123, 55 Westwinds Cres, NE Calgary
(403) 285-9000
112- 2550 Country Hills Blvd NE (403) 818-9000
#3747-8th Ave SW Edmonton (780) 250-9009

(780) 250-9009

VISA MasterCard House of Taste & Quality

Visit us online @ www.2for1PizzaHouse.com

The Hills at Charlesworth # 3747-8th Ave SW Edmonton